SWITCH INSURANCE
AUTO, HOME & COMMERCIAL
- Commercial Vehicle Insurance
- Commercial Property Insurance
- Commercial General Liability (CGL)
- Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi
B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit **punjabipost.ca/epaper** | Vol 23* Issue 182 | Friday, 04 October 2024 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' ***Online***ਰੋਜ਼ਾਨਾ ਪੜ੍ਹ ਸਕਦੇ ਹੋ

## ਐਲਬਰਟਾ ਪਲੇਨ ਕ੍ਰੈਸ਼ ਮਾਮਲਾ:ਪਾਇਲਟ ਨੇ ਉਡਾਣ ਤੋਂ ਪਹਿਲਾਂ ਨਹੀਂ ਲਈ ਮੌਸਮ ਬਾਰੇ ਲੋੜੀਂਦੀ ਜਾਣਕਾਰੀ : ਸੇਫਟੀ ਬੋਰਡ



ਐਲਬਰਟਾ, 3 ਅਕਤੂਬਰ (ਪੋਸਟ ਬਿਊਰੋ) : ਐਲਬਰਟਾ ਵਿਚ ਜੁਲਾਈ, 2023 'ਚ ਹੋਏ ਪਲੇਨ ਕ੍ਰੈਸ਼, ਜਿਸ ਵਿਚ 6 ਲੋਕਾਂ ਦੀ ਮੌਤ ਹੋ ਗਈ ਸੀ, ਬਾਰੇ ਟਰਾਂਸਪੋਰਟੇਸ਼ਨ ਸੇਫਟੀ ਬੋਰਡ ਆਫ ਕੈਨੇਡਾ ਨੇ ਕਿਹਾ ਹੈ ਕਿ ਜਹਾਜ਼ ਦੇ ਪਾਇਲਟ ਨੇ ਹਦਾਇਤਾਂ ਨੂੰ ਚੰਗੀ ਤਰ੍ਹਾਂ ਨਹੀਂ ਸਮਝਿਆ। ਉਹ ਘੱਟ ਵਿਜ਼ੀਬਿਲਿਟੀ ਵਿਚ ਵੀ ਜਹਾਜ਼ ਨੂੰ ਉਡਾਉਂਦਾ ਚਲਾ ਗਿਆ। ਜਾਣਕਾਰੀ ਮੁਤਾਬਿਕ ਹਾਦਸੇ ਸਮੇਂ ਪਾਇਲਟ ਸਣੇ 5 ਹੋਰ ਯਾਤਰੀ ਜੁਲਾਈ,2023 'ਚ ਸੈਲਮਨ ਆਰਮ ਬੀਸੀ ਵਿਚ ਇਕ ਸੋਸ਼ਲ ਸਮਾਗਮ ਵਿਚ ਸ਼ਾਮਲ ਹੋਣ ਜਾ ਰਹੇ ਸਨ। ਬੋਰਡ ਵਲੋਂ ਕਿਹਾ ਗਿਆ ਕਿ ਪਾਇਲਟ ਨੇ ਮੌਸਮ ਬਾਰੇ ਬ੍ਰੀਫਿੰਗ ਰਿਸੀਵ ਨਹੀਂ ਕੀਤੀ, ਪਰ ਕਿਸੇ ਅਣਜਾਣ ਸਰੋਤ ਤੋਂ ਜਾਣਕਾਰੀ ਹਾਸਲ ਕਰਕੇ ਉਡਾਣ ਭਰ ਦਿੱਤੀ। ਜਿਸ ਕਾਰਨ ਉਡਾਣ ਦੇ 15 ਮਿੰਟ ਤੋਂ ਬਾਅਦ ਹੀ ਉਨ੍ਹਾਂ ਦਾ ਜਹਾਜ਼ ਵੈਸਟ ਕੈਲਗਰੀ ਦੀ ਚੋਟੀ ਨਾਲ ਜਾ ਟਕਰਾਇਆ ਤੇ ਜਹਾਜ਼ ਵਿਚ ਮੌਜੂਦ ਪਾਇਲਟ ਸਣੇ ਸਾਰੇ ਯਾਤਰੀ ਮਾਰੇ ਗਏ।

## ਪੁਲਿਸ ਨੇ ਨਾਰਥ ਯਾਰਕ ਸ਼ਾਪਿੰਗ ਸੈਂਟਰ ਦੀ ਪਾਰਕਿੰਗ ਵਿੱਚ ਗੋਲੀ ਲੱਗਣ ਨਾਲ ਮਰੇ ਵਿਅਕਤੀ ਦੀ ਕੀਤੀ ਪਹਿਚਾਣ

ਟੋਰਾਂਟੋ, 3 ਅਕਤੂਬਰ (ਪੋਸਟ ਬਿਊਰੋ): ਟੋਰਾਂਟੋ ਪੁਲਿਸ ਨੇ ਇਸ ਹਫ਼ਤੇ ਦੇ ਸ਼ੁਰੂ ਵਿੱਚ ਨਾਰਥ ਯਾਰਕ ਵਿੱਚ ਗੋਲੀ ਲੱਗਣ ਨਾਲ ਜ਼ਖ਼ਮੀ ਹੋਏ ਵਿਅਕਤੀ ਦੀ ਪਹਿਚਾਣ ਕੀਤੀ ਹੈ।

ਪੁਲਿਸ ਨੇ ਦੱਸਿਆ ਕਿ 26 ਸਾਲਾ ਜੋਏ ਉਮਰ ਬਲੈਕ ਨੂੰ ਸੋਮਵਾਰ ਅੱਧੀ ਰਾਤ ਦੇ ਲਗਭਗ ਏਲਨ ਰੋਡ ਅਤੇ ਲਾਰੇਂਸ ਏਵੇਨਿਊ ਵੈਸਟ ਕੋਲ ਇੱਕ ਸ਼ਾਪਿੰਗ ਸੈਂਟਰ ਦੀ ਪਾਰਕਿੰਗ ਵਿੱਚ ਗੋਲੀ ਲੱਗੇ ਜ਼ਖਮੀ ਹਾਲਤ ਵਿਚ ਮਿਲਿਆ।

ਉਸਨੂੰ ਹਸਪਤਾਲ ਲਿਜਾਇਆ ਗਿਆ ਪਰ ਬਾਅਦ ਵਿੱਚ ਉਸਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਬਲੈਕ ਦੇ ਕਤਲ ਦੀ ਘਟਨਾ ਇਸ ਸਾਲ ਸ਼ਹਿਰ ਦੀ 68ਵੀਂ ਘਟਨਾ ਹੈ।

ਪੁਲਿਸ ਨੇ ਮਾਮਲੇ ਵਿੱਚ ਸ਼ੱਕੀ ਦੀ ਜਾਣਕਾਰੀ ਜਾਰੀ ਨਹੀਂ ਕੀਤੀ ਹੈ।




ਇਹ ਗੋਲੀਬਾਰੀ ਗਰੇਟਰ ਟੋਰਾਂਟੋ ਏਰੀਏ ਵਿੱਚ 24 ਘੰਟੇ ਦੇ ਫਰਕ ਵਿੱਚ ਹੋਈ ਜੋ ਚਾਰ ਕਤਲਾਂ ਵਿਚੋਂ ਇੱਕ ਸੀ। ਸੇਂਟ ਕਲੇਅਰ ਏਵੇਨਿਊ ਵੈਸਟ ਅਤੇ ਜੇਨ ਸਟਰੀਟ ਦੇ ਇਲਾਕੇ ਵਿੱਚ ਵੀ ਇੱਕ ਵਿਅਕਤੀ ਦਾ ਚਾਕੂ ਮਾਰ ਕੇ ਕਤਲ ਕਰ ਦਿੱਤਾ ਗਿਆ।

ਬੁੱਧਵਾਰ ਨੂੰ ਟੋਰਾਂਟੋ ਪੁਲਿਸ ਪ੍ਰਮੁੱਖ ਮਾਇਰੋਨ ਡੇਮਕੀਵ ਨੇ ਕਿਹਾ ਕਿ ਉਹ ਅੱਗੇ ਤੋਂ ਅਜਿਹੀਆਂ ਘਟਨਾਵਾਂ ਰੋਕਣ ਲਈ ਹਰ ਸੰਭਵ ਕੋਸ਼ਿਸ਼ ਕਰਨ ਲਈ ਪ੍ਰਤੀਬਧ ਹਨ।

ਉਨ੍ਹਾਂ ਕਿਹਾ ਕਿ ਪੁਲਿਸ ਨੇ ਇਸ ਸਾਲ ਹੁਣ ਤੱਕ 746 ਫਾਇਰਆਰਮਜ਼ ਸਬੰਧੀ ਗ੍ਰਿਫ਼ਤਾਰੀਆਂ ਕੀਤੀਆਂ ਹਨ ਅਤੇ 671 ਗੰਨਜ਼ ਜ਼ਬਤ ਕੀਤੀਆਂ ਹਨ।

## ਮੱਧ ਬੇਰੂਤ ਵਿੱਚ ਇਜ਼ਰਾਈਲੀ ਹਵਾਈ ਹਮਲੇ ਵਿੱਚ ਸੱਤ ਲੋਕਾਂ ਦੀ ਮੌਤ

ਬੇਰੂਤ, 3 ਅਕਤੂਬਰ (ਪੋਸਟ ਬਿਊਰੋ): ਇਜ਼ਰਾਈਲ ਨੇ ਬੁੱਧਵਾਰ ਦੇਰ ਰਾਤ ਮੱਧ ਬੇਰੂਤ ਵਿੱਚ ਇੱਕ ਇਮਾਰਤ ਨੂੰ ਨਿਸ਼ਾਨਾ ਬਣਾ ਕੇ ਹਵਾਈ ਹਮਲਾ ਕੀਤਾ, ਜਿਸ ਵਿੱਚ ਸੱਤ ਲੋਕ ਮਾਰੇ ਗਏ। ਇਨ੍ਹਾਂ ਲੋਕਾਂ ਨੂੰ ਹਿਜ਼ਬੁੱਲਾ ਦੇ ਮੈਂਬਰ ਦੱਸਿਆ ਗਿਆ ਹੈ। ਇਜ਼ਰਾਈਲ ਸਤੰਬਰ ਦੇ ਅਖੀਰ ਤੋਂ ਦੇਸ਼ ਦੇ ਉਨ੍ਹਾਂ ਖੇਤਰਾਂ 'ਤੇ ਬੰਬਾਰੀ ਕਰ ਰਿਹਾ ਹੈ ਜਿੱਥੇ ਅੱਤਵਾਦੀ ਸਮੂਹ ਹਿਜ਼ਬੁੱਲਾ ਦੀ ਮਜ਼ਬੂਤ ਮੌਜੂਦਗੀ ਹੈ, ਪਰ ਰਾਜਧਾਨੀ ਬੇਰੂਤ ਦੇ ਕੇਂਦਰੀ ਖੇਤਰ ਨੂੰ ਘੱਟ ਹੀ ਨਿਸ਼ਾਨਾ ਬਣਾਇਆ ਹੈ।

ਬੁੱਧਵਾਰ ਦੇਰ ਰਾਤ ਹਮਲੇ ਤੋਂ ਪਹਿਲਾਂ ਕੋਈ ਚੇਤਾਵਨੀ ਨਹੀਂ ਦਿੱਤੀ ਗਈ ਸੀ, ਜਿਸ ਨੇ ਕੇਂਦਰੀ ਬੇਰੂਤ ਵਿੱਚ ਇੱਕ ਇਮਾਰਤ ਨੂੰ ਨਿਸ਼ਾਨਾ ਬਣਾਇਆ ਸੀ। ਇਹ ਇਮਾਰਤ ਸੰਯੁਕਤ ਰਾਸ਼ਟਰ ਦੇ ਮੁੱਖ ਦਫ਼ਤਰ, ਪ੍ਰਧਾਨ ਮੰਤਰੀ ਦਫ਼ਤਰ ਅਤੇ ਸੰਸਦ ਤੋਂ ਦੂਰ ਨਹੀਂ ਹੈ। ਇਸ ਦੌਰਾਨ ਹਿਜ਼ਬੁੱਲਾ ਦੀ ਸਿਵਲ ਡਿਫੈਂਸ ਯੂਨਿਟ ਨੇ ਕਿਹਾ ਕਿ ਉਸ ਦੇ ਸੱਤ ਮੈਂਬਰ ਮਾਰੇ ਗਏ ਹਨ।



ਇਹ ਹਮਲਾ ਦੱਖਣੀ ਲੇਬਨਾਨ ਵਿੱਚ ਹਿਜ਼ਬੁੱਲਾ ਨਾਲ ਝੜਪਾਂ ਵਿੱਚ ਘੱਟੋ-ਘੱਟ ਅੱਠ ਇਜ਼ਰਾਈਲੀ ਸੈਨਿਕਾਂ ਦੇ ਮਾਰੇ ਜਾਣ ਤੋਂ ਬਾਅਦ ਹੋਇਆ ਹੈ। ਬੇਰੂਤ ਦੇ ਨਿਵਾਸੀਆਂ ਨੇ ਹਮਲੇ ਤੋਂ ਬਾਅਦ ਗੰਧਕ ਦੀ ਗੰਧ ਦੀ ਸ਼ਿਕਾਇਤ ਕੀਤੀ, ਜਦੋਂਕਿ ਲੇਬਨਾਨ ਦੀ ਅਧਿਕਾਰਤ ਨੈਸ਼ਨਲ ਨਿਊਜ਼ ਏਜੰਸੀ ਨੇ ਇਜ਼ਰਾਈਲ 'ਤੇ ਬਿਨਾਂ ਕੋਈ ਸਬੂਤ ਦਿੱਤੇ ਫਾਸਫੋਰਸ ਬੰਬਾਂ ਦੀ ਵਰਤੋਂ ਕਰਨ ਦਾ ਦੋਸ਼ ਲਗਾਇਆ।

## ਪੱਛਮੀ ਟੋਰਾਂਟੋ ਦੇ ਮਕਾਨ ਵਿੱਚ 60 ਸਾਲਾ ਔਰਤ ਮ੍ਰਿਤ ਮਿਲੀ

ਟੋਰਾਂਟੋ, 3 ਅਕਤੂਬਰ (ਪੋਸਟ ਬਿਊਰੋ): ਮੰਗਲਵਾਰ ਦੁਪਹਿਰ ਮੌਕੇ ਜੰਕਸ਼ਨ ਨੇਬਰਹੁੱਡ ਵਿੱਚ ਇੱਕ ਘਰ ਵਿੱਚ ਇੱਕ ਔਰਤ ਮ੍ਰਿਤਕ ਮਿਲੀ। ਜਿਸਤੋਂ ਬਾਅਦ ਕਤਲ ਦੀ ਜਾਂਚ ਚੱਲ ਰਹੀ ਹੈ।

ਟੋਰਾਂਟੋ ਪੁਲਿਸ ਨੂੰ ਦੁਪਹਿਰ 2 ਵਜੇ ਤੋਂ ਬਾਅਦ ਕੀਲ ਸਟਰੀਟ ਅਤੇ ਡੰਡਾਸ ਸਟਰੀਟ ਵੇਸਟ ਕੋਲ ਸਥਿਤ ਘਰ ਵਿਚ ਬੁਲਾਇਆ ਗਿਆ। ਜਾਂਚਕਰਤਾਵਾਂ ਨੇ ਦੱਸਿਆ ਕਿ 60 ਸਾਲਾ ਇੱਕ ਔਰਤ ਅੰਦਰ ਮ੍ਰਿਤ ਮਿਲੀ, ਜਿਸਦੇ ਸਰੀਰ 'ਤੇ ਸੱਟ ਦੇ ਨਿਸ਼ਾਨ ਸਨ। ਉਹ




ਟੋਰਾਂਟੋ ਵਿਚ ਇਸ ਸਾਲ ਦਾ 69ਵਾਂ ਕਤਲ ਸੀ।ਪੁਲਿਸ ਨੇ ਹਾਲੇ ਤੱਕ ਔਰਤ ਦੀ ਪਹਿਚਾਣ ਨਹੀਂ ਕੀਤੀ ਹੈ ਅਤੇ ਹਾਲੇ ਉਸਦੇ ਪਰਿਵਾਰਕ ਮੈਂਬਰਾਂ ਨੂੰ ਸੂਚਿਤ ਕੀਤਾ ਜਾਣਾ ਹੈ। ਇਸ ਸਮੇਂ ਕਿਸੇ ਵੀ ਸ਼ੱਕੀ ਜਾਂ ਕਤਲ ਦੇ ਕਾਰਨਾਂ ਬਾਰੇ ਕੋਈ ਜਾਣਕਾਰੀ ਉਪਲੱਬਧ ਨਹੀਂ ਹੈ।

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

MagGas Medical Brampton
MGM
MAGGAS MEDICAL INC.
Helping you breathe deep and rest easy.
- CPAP ਮਸ਼ੀਨ, ਮਾਸਕ ਅਤੇ ਸਪਲਾਈ
- ਮੁਫ਼ਤ ਸਲਾਹ
- ਓਨਟਾਰੀਓ ਡਿਸਏਬਿਲਟੀ ਸਪੋਰਟ ਪ੍ਰੋਗਰਾਮ ਲਈ ਮੁਫ਼ਤ
- ਓਨਟਾਰੀਓ ਵਰਕਸ ਲਈ ਮੁਫ਼ਤ
- ਮੁਫ਼ਤ ਡਿਲੀਵਰੀ
(647) 954-9885
20 Maritime Ont Blvd Unit 15
Brampton, ON L6S 0C2

Royal Pest Control
Residential Commercial Industrial
Specialist in Bedbugs Service
All Pest Control :
- Mouse & Rats - Spiders & Fleas - Bedbugs - Wasps
- Cockroaches - Carpenter Ants - Silver Fish - Racoons
Call : PARESH PATEL
(Government Approved Licensed Technician)
416 938 4598

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal
Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ



## ਅੱਜ ਨਾਮਾ

ਕਿਹਾ ਜੀ ਜਾਖੜ ਨੇ ਭਾਜਪਾ ਆਗੂਆਂ ਨੂੰ,
ਬਦਲੋ ਪੰਜਾਬ ਲਈ ਸੋਚ ਦਾ ਢੰਗ ਭਾਈ।
ਕਿਤੇ ਨਾ ਕਿਤੇ ਤਾਂ ਸੋਚ ਦਾ ਫਰਕ ਡਾਢਾ,
ਚੜ੍ਹਿਆ ਤਦੇ ਨਹੀਂ ਤੁਸਾਂ ਦਾ ਰੰਗ ਭਾਈ।
ਚੱਲਦੇ ਚਾਲ ਹੀ ਤੁਸੀਂ ਕੁਝ ਵੱਖ ਜਿਹੜੀ,
ਨਹੀਂ ਪੰਜਾਬੀਆਂ ਦੀ ਜਿਹੜੀ ਮੰਗ ਭਾਈ।
ਲੀਡਰ ਬੋਲ ਰਹੇ ਚੰਗਾ ਨਹੀਂ ਭਾਜਪਾ ਦੇ,
ਮੰਦਾ ਬੋਲਣ ਤਾਂ ਕਰਨ ਨਹੀਂ ਸੰਗ ਭਾਈ।
ਸੋਚਣੀ ਬਦਲੋ, ਨਜ਼ਾਰਾ ਵੀ ਬਦਲ ਜਾਊ,
ਕਹਿ'ਤੀ ਜਾਖੜ ਨੇ ਸੱਚੀ ਹੈ ਗੱਲ ਭਾਈ।
ਕੌੜੀ ਗੋਲੀ ਕੁਨੀਨ ਇਹ ਛੱਡ ਆਇਆ,
ਸਕਣੀ ਕਦੀ ਨਹੀਂ ਕਿਸੇ ਨੇ ਝੱਲ ਭਾਈ।

**ਤੀਸ ਮਾਰ ਖਾਂ**

## ਈਟੋਬਿਕੋਕ ਵਿੱਚ ਵਾਹਨ ਦੀ ਚਪੇਟ ਵਿੱਚ ਇੱਕੋ ਪਰਿਵਾਰ ਦੇ ਤਿੰਨ ਛੋਟੇ ਬੱਚਿਆਂ ਸਮੇਤ ਇੱਕ ਔਰਤ ਜ਼ਖਮੀ, ਹਸਪਤਾਲ ਦਾਖਲ

ਟੋਰਾਂਟੋ, 3 ਅਕਤੂਬਰ (ਪੋਸਟ ਬਿਊਰੋ): ਬੁੱਧਵਾਰ ਸ਼ਾਮ ਨੂੰ ਈਟੋਬਿਕੋਕ ਵਿੱਚ ਇੱਕ ਚਾਲਕ ਵੱਲੋਂ ਟੱਕਰ ਮਾਰੇ ਜਾਣ ਕਾਰਨ ਤਿੰਨ ਬੱਚਿਆਂ ਸਮੇਤ ਇੱਕ ਪਰਿਵਾਰ ਦੇ ਚਾਰ ਮੈਂਬਰ ਜ਼ਖਮੀ ਹਾਲਤ ਵਿਚ ਹਸਪਤਾਲ ਦਾਖਲ ਕਰਵਾਏ ਗਏ।

ਐਮਰਜੈਂਸੀ ਦਲ ਨੂੰ ਸ਼ਾਮ 6 ਵਜੇ ਡੰਡਾਸ ਸਟਰੀਟ ਵੇਸਟ ਦੇ ਉੱਤਰ ਵਿੱਚ ਇਸਲਿੰਗਟਨ ਅਤੇ ਆਰੇਲ ਏਵੇਨਿਊ ਦੇ ਚੁਰਾਸਤੇ 'ਤੇ ਟੱਕਰ ਬਾਰੇ ਸੂਚਨਾ ਮਿਲੀ।

ਡਿਊਟੀ ਇੰਸਪੈਕਟਰ ਸਕਾਟ ਸ਼ਟ ਨੇ ਕਿਹਾ ਕਿ ਇੱਕ ਪਰਿਵਾਰ ਨੂੰ ਸੱਜੇ ਵੱਲ ਮੁੜਦੇ ਹੋਏ ਇੱਕ ਵਾਹਨ ਨੇ ਟੱਕਰ ਮਾਰ ਦਿੱਤੀ। ਪੁਲਿਸ ਨੇ ਕਿਹਾ ਕਿ ਇੱਕ ਔਰਤ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ।



ਤਿੰਨ ਬੱਚਿਆਂ ਵਿਚ ਇੱਕ ਬੱਚਾ ਇੱਕ ਮਹੀਨੇ ਦਾ, ਇੱਕ ਸਾਲ ਦਾ ਅਤੇ ਇੱਕ ਚਾਰ ਸਾਲ ਦਾ ਹੈ, ਜਿਨ੍ਹਾਂ ਨੂੰ ਵੀ ਹਸਪਤਾਲ ਲਿਜਾਇਆ ਗਿਆ। ਸ਼ਟ ਨੇ ਕਿਹਾ ਕਿ ਉਨ੍ਹਾਂ ਦੀਆਂ ਸੱਟਾਂ ਗੰਭੀਰ ਹਨ ਪਰ ਜਾਨ-ਲੇਵਾ ਨਹੀਂ ਹਨ।

ਇਸ ਵਿੱਚ 76 ਸਾਲਾ ਔਰਤ ਚਾਲਕ ਘਟਨਾ ਸਥਾਨ 'ਤੇ ਹੀ ਰਹੀ। ਟੱਕਰ ਦੇ ਕਾਰਨਾਂ ਦਾ ਪਤਾ ਨਹੀਂ ਚੱਲ ਸਕਿਆ। ਸ਼ਟ ਨੇ ਕਿਹਾ ਕਿ ਇਹ ਪਤਾ ਲਗਾਉਣ ਲਈ ਆਪਣੀ ਜਾਂਚ ਕਰ ਰਹੇ ਹਨ ਕਿ ਅਸਲ ਵਿੱਚ ਕੀ ਹੋਇਆ ਸੀ।

## ਕੋਰਟਿਸ ਵਿੱਚ ਸਾਬਕਾ ਪ੍ਰੇਮਿਕਾ ਅਤੇ ਉਸਦੀ ਮਾਂ ਦੇ ਕਤਲ ਮਾਮਲੇ ਵਿੱਚ ਇੱਕ ਵਿਅਕਤੀ 'ਤੇ ਲੱਗੇ ਕਤਲ ਦੇ ਚਾਰਜਿਜ਼

ਟੋਰਾਂਟੋ, 3 ਅਕਤੂਬਰ (ਪੋਸਟ ਬਿਊਰੋ): ਇਸ ਹਫ਼ਤੇ ਦੇ ਸ਼ੁਰੂ ਵਿੱਚ ਕੋਰਟਿਸ ਵਿੱਚ ਆਪਣੀ ਸਾਬਕਾ ਪ੍ਰੇਮਿਕਾ ਅਤੇ ਉਸਦੀ ਮਾਂ ਦੇ ਕਤਲ ਮਾਮਲੇ ਵਿੱਚ 33 ਸਾਲਾ ਵਿਅਕਤੀ 'ਤੇ ਕਤਲ ਦਾ ਚਾਰਜਿਜ਼ ਲਗਾਇਆ ਗਿਆ ਹੈ।

ਦਰਹਮ ਰੀਜਨ ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਕੋਰਟਿਸ ਅਤੇ ਨੈਸ਼ ਰੋਡ ਕੋਲ ਮਾਲਟਨ ਕੋਰਟ ਵਿੱਚ ਇੱਕ ਘਰ ਵਿੱਚ ਮੰਗਲਵਾਰ ਦੁਪਹਿਰ ਨੂੰ ਨਿਵਾਸੀਆਂ ਦੀ ਸਿਹਤ ਜਾਂਚ ਕਰਣ ਲਈ ਬੁਲਾਇਆ ਗਿਆ ਸੀ।

ਜਦੋਂ ਉਹ ਪਹੁੰਚੇ ਤਾਂ ਅਧਿਕਾਰੀਆਂ ਦੋ ਮ੍ਰਿਤ ਔਰਤਾਂ ਮਿਲੀਆਂ। ਘਟਨਾ ਸਥਲ 'ਤੇ ਇੱਕ ਬੱਚਾ ਵੀ ਸੁਰੱਖਿਅਤ ਪਾਇਆ ਗਿਆ। ਪੁਲਿਸ ਨੇ ਪੀੜਤਾਂ ਦੀ ਪਹਿਚਾਣ 30 ਸਾਲਾ ਕੈਟਰੀਨਾ



ਜਵੋਲਿੰਸਕੀ ਅਤੇ ਉਸ ਦੀ ਮਾਂ, 67 ਸਾਲਾ ਲੌਰੀ ਕਰੂ ਦੇ ਰੂਪ ਵਿੱਚ ਕੀਤੀ ਹੈ। ਉਨ੍ਹਾਂ ਦੀ ਮੌਤ ਦਾ ਕਾਰਨ ਹਾਲੇ ਤੱਕ ਸਾਹਮਣੇ ਨਹੀਂ ਲਿਆਂਦਾ ਗਿਆ ਹੈ। ਪੁਲਿਸ ਨੇ ਦੱਸਿਆ ਕਿ ਬੱਚਾ ਕੈਟਰੀਨਾ ਦਾ ਬੇਟਾ ਹੈ।

ਇਸ ਵਿੱਚ ਕੈਟਰੀਨਾ ਦੇ ਸਾਬਕਾ ਪ੍ਰੇਮੀ ਅਤੇ ਬੱਚੇ ਦੇ ਪਿਤਾ ਮਾਈਕਲ ਬੇਲਹੂ ਨੂੰ ਘਟਨਾ ਸਥਾਨ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਉਨ੍ਹਾਂ 'ਤੇ ਸੈਕੰਡ ਡਿਗਰੀ ਕਤਲ ਦੇ ਦੋ ਚਾਰਜਿਜ਼ ਲਗਾਏ ਗਏ ਹਨ।

## ਓਟਵਾ ਦੇ ਬਿਜ਼ਨੈੱਸ ਅਤੇ ਰੈਸਟੋਰੈਂਟ ਮਾਲਿਕ 'ਤੇ ਯੌਨ ਸ਼ੋਸ਼ਣ ਦਾ ਲੱਗਾ ਦੋਸ਼




ਓਟਵਾ, 3 ਅਕਤੂਬਰ (ਪੋਸਟ ਬਿਊਰੋ): ਪੁਲਿਸ ਅਨੁਸਾਰ 37 ਸਾਲਾ ਓਟਵਾ ਬਿਜ਼ਨੈੱਸ ਮਾਲਕ 'ਤੇ ਦੋਸ਼ ਹੈ ਕਿ ਨੌਕਰੀ ਲਈ ਅਪਲਾਈ ਕਰਦੇ ਸਮੇਂ ਇੱਕ ਔਰਤ ਦਾ ਯੌਨ ਸ਼ੋਸ਼ਣ ਕੀਤਾ ਗਿਆ।

ਓਟਵਾ ਪੁਲਿਸ ਸਰਵਿਸ ਦਾ ਕਹਿਣਾ ਹੈ ਕਿ ਇਸ ਗਰਮੀ ਵਿੱਚ ਇੱਕ ਔਰਤ ਨੇ ਮੁਲਜ਼ਮ ਦੇ ਬਿਜ਼ਨੈੱਸ ਸਥਾਨ 'ਤੇ ਨੌਕਰੀ ਲਈ ਅਪਲਾਈ ਕੀਤਾ ਸੀ। ਪੁਲਿਸ ਨੇ ਇੱਕ ਬਿਆਨ ਵਿੱਚ ਦੱਸਿਆ ਕਿ ਉਸ ਨੂੰ 'ਤੇ ਜ਼ੋਰ ਦੇ ਕੇ ਉਸਦੇ ਵਾਹਨ ਵਿੱਚ ਇੰਟਰਵਿਊ ਲਈ ਬੁਲਾਇਆ। ਉਹ ਵਾਹਨ ਵਿਚ ਉਸਨੂੰ ਇੱਕ ਸੁੰਨਸਾਨ ਜਗ੍ਹਾ 'ਤੇ ਲੈ ਗਿਆ, ਉਸਨੂੰ ਬਾਹਰ ਜਾਣ ਤੋਂ ਰੋਕਿਆ ਅਤੇ ਉਸਦਾ ਯੌਨ ਸ਼ੋਸ਼ਣ ਕੀਤਾ।

ਓਟਵਾ ਦੇ 37 ਸਾਲਾ ਕੈਨਪੋਲਟ ਸਾਹਿਨ 'ਤੇ ਯੌਨ ਸ਼ੋਸ਼ਣ ਦੇ ਦੋ ਅਤੇ ਜ਼ਬਰਨ ਬੰਧਕ ਬਣਾਉਣ ਦੇ ਚਾਰਜਿਜ਼ ਲਗਾਏ ਗਏ ਹਨ।

ਪੁਲਿਸ ਦਾ ਕਹਿਣਾ ਹੈ ਕਿ ਸਾਹਿਨ ਪੋਲਟ ਕੰਸਟਰਕਸ਼ਨ ਅਤੇ ਅਜਰਾ ਤੁਰਕੀ ਰੇਸਤਰਾਂ ਦੇ ਮਾਲਿਕ ਹਨ ਅਤੇ ਜਾਂਚਕਰਤਾਵਾਂ ਦਾ ਮੰਨਣਾ ਹੈ ਕਿ ਹੋਰ ਪੀੜਤ ਵੀ ਹੋ ਸਕਦੇ ਹਨ।

## ਐਕਸ 'ਤੇ 200 ਮਿਲੀਅਨ ਫਾਲੋਅਰਜ਼ ਦਾ ਆਂਕੜਾ ਛੂਹਣ ਵਾਲੇ ਐਲੋਨ ਮਸਕ ਬਣੇ ਪਹਿਲੇ ਵਿਅਕਤੀ

ਵਾਸ਼ਿੰਗਟਨ, 3 ਅਕਤੂਬਰ (ਪੋਸਟ ਬਿਊਰੋ): ਅਰਬਪਤੀ ਕਾਰੋਬਾਰੀ ਐਲੋਨ ਮਸਕ ਵੀਰਵਾਰ ਨੂੰ ਸੋਸ਼ਲ ਮੀਡੀਆ ਪਲੇਟਫਾਰਮ 'ਤੇ 200 ਮਿਲੀਅਨ ਫਾਲੋਅਰਜ਼ ਤੱਕ ਪਹੁੰਚਣ ਵਾਲੇ ਪਹਿਲੇ ਵਿਅਕਤੀ ਬਣ ਗਏ। ਉਨ੍ਹਾਂ ਨੇ ਅਕਤੂਬਰ 2022 ਵਿੱਚ 44 ਬਿਲੀਅਨ ਡਾਲਰ ਵਿੱਚ ਇਸਨੂੰ ਹਾਸਲ ਕੀਤਾ ਸੀ।

ਐਕਸ ਦੇ ਮਾਲਕ ਨੂੰ 131.9 ਮਿਲੀਅਨ ਫਾਲੋਅਰਜ਼ ਨਾਲ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਅਤੇ 113.2 ਮਿਲੀਅਨ ਫਾਲੋਅਰਜ਼ ਦੇ ਨਾਲ ਮਸ਼ਹੂਰ ਫੁੱਟਬਾਲਰ ਕ੍ਰਿਸਟੀਆਨੋ ਰੋਨਾਲਡੋ ਫੌਲੋ ਕਰਦੇ ਹਨ।

ਪ੍ਰਸਿੱਧ ਗਾਇਕ ਜਸਟਿਨ ਬੀਬਰ



110.3 ਮਿਲੀਅਨ ਫਾਲੋਅਰਜ਼ ਦੇ ਨਾਲ ਚੌਥੇ ਸਥਾਨ 'ਤੇ ਹਨ ਅਤੇ ਰਿਹਾਨਾ 108.4 ਮਿਲੀਅਨ ਫਾਲੋਅਰਸ ਨਾਲ ਪੰਜਵੇਂ ਸਥਾਨ 'ਤੇ ਹੈ।

ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹਾਲ ਹੀ ਵਿੱਚ ਦੁਨੀਆਂ ਵਿੱਚ 100 ਮਿਲੀਅਨ ਦਾ ਅੰਕੜਾ ਪਾਰ ਕੀਤਾ ਹੈ। ਜਿਸ ਦੀ ਮਸਕ ਵੱਲੋਂ ਸ਼ਲਾਘਾ ਕੀਤੀ ਗਈ। ਹੁਣ ਉਸ ਦੇ 102.4 ਮਿਲੀਅਨ ਫਾਲੋਅਰਜ਼ ਹਨ।

ਮਸਕ ਨੇ ਹਾਲ ਹੀ ਵਿੱਚ ਕਿਹਾ ਕਿ ਕੋਲ ਹੁਣ 600 ਮਿਲੀਅਨ ਤੋਂ ਵੱਧ ਮਾਸਿਕ ਸਰਗਰਮ ਉਪਭੋਗਤਾ ਅਤੇ ਲਗਭਗ 300 ਮਿਲੀਅਨ ਰੋਜ਼ਾਨਾ ਕਿਰਿਆਸ਼ੀਲ ਉਪਭੋਗਤਾ ਹਨ।

ਹਾਲ ਹੀ 'ਚ ਇਕ ਤਾਜ਼ਾ ਰਿਪੋਰਟ 'ਚ ਦਾਅਵਾ ਕੀਤਾ ਗਿਆ ਹੈ ਕਿ ਮਸਕ ਦੇ ਜ਼ਿਆਦਾਤਰ ਫਾਲੋਅਰਜ਼ ਫਰਜ਼ੀ ਹਨ ਅਤੇ ਲੱਖਾਂ ਨਵੇਂ ਇਨਐਕਟਿਵ ਅਕਾਊਂਟਸ ਕਾਰਨ ਇਹ ਗਿਣਤੀ ਵਧੀ ਹੈ। ਹਾਲਾਂਕਿ ਇਸ ਦਾਅਵੇ ਦੀ ਕੋਈ ਅਧਿਕਾਰਤ ਪੁਸ਼ਟੀ ਨਹੀਂ ਹੋਈ ਹੈ।

## ਨਾਟੋ ਦੇ ਨਵੇਂ ਸਕੱਤਰ ਜਨਰਲ ਮਾਰਕ ਰੂਟ ਅਹੁਦਾ ਸੰਭਾਲਣ ਮਗਰੋਂ ਪਹੁੰਚੇ ਯੂਕ੍ਰੇਨ

ਕੀਵ, 3 ਅਕਤੂਬਰ (ਪੋਸਟ ਬਿਊਰੋ): ਉੱਤਰੀ ਅਟਲਾਂਟਿਕ ਸੰਧੀ ਸੰਗਠਨ (ਨਾਟੋ) ਦੇ ਨਵੇਂ ਜਨਰਲ ਸਕੱਤਰ ਮਾਰਕ ਰੂਟ ਨੇ ਅਹੁਦਾ ਸੰਭਾਲਣ ਤੋਂ ਬਾਅਦ ਆਪਣੀ ਪਹਿਲੀ ਅਧਿਕਾਰਤ ਯਾਤਰਾ ਤਹਿਤ ਵੀਰਵਾਰ ਨੂੰ ਯੂਕ੍ਰੇਨ ਦਾ ਦੌਰਾ ਕੀਤਾ ਅਤੇ ਦੇਸ਼ ਨੂੰ ਲਗਾਤਾਰ ਸਮਰਥਨ ਦੇਣ ਦਾ ਵਾਅਦਾ ਕੀਤਾ। ਰੂਟ ਨੇ ਕੀਵ ਵਿੱਚ ਯੂਕ੍ਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨਾਲ ਮੁਲਾਕਾਤ ਕੀਤੀ।

ਨਾਟੋ ਮੁਖੀ ਦੇ ਦੌਰੇ ਦੌਰਾਨ ਕੀਵ ਵਿੱਚ ਦੋ ਵਾਰ ਹਵਾਈ ਹਮਲੇ ਦੇ ਸਾਇਰਨ ਵੱਜੇ। ਨਾਟੋ ਦੇ ਨਵੇਂ ਮੁਖੀ ਨੇ ਫਰਵਰੀ 2022 ਤੋਂ ਰੂਸੀ ਹਮਲੇ ਦਾ ਸਾਹਮਣਾ ਕਰ ਰਹੇ ਯੂਕ੍ਰੇਨ ਲਈ ਪੱਛਮੀ ਦੇਸ਼ਾਂ ਦਾ ਸਮਰਥਨ ਵਧਾਉਣ ਵਿੱਚ ਮਦਦ ਕਰਨ ਦਾ ਵਾਅਦਾ ਕੀਤਾ। ਰੂਟ ਨੇ ਭਰੋਸਾ



ਪ੍ਰਗਟਾਇਆ ਕਿ ਉਹ ਨਵੰਬਰ ਵਿੱਚ ਨਾਟੋ ਦੇ ਸਭ ਤੋਂ ਸ਼ਕਤੀਸ਼ਾਲੀ ਮੈਂਬਰ, ਅਮਰੀਕਾ ਦੇ ਰਾਸ਼ਟਰਪਤੀ ਚੁਣੇ ਜਾਣ ਵਾਲੇ ਕਿਸੇ ਵੀ ਵਿਅਕਤੀ ਨਾਲ ਕੰਮ ਕਰ ਸਕਦੇ ਹਨ। ਨਾਟੋ ਮੁਖੀ ਦਾ ਇਹ ਦੌਰਾ ਯੂਕ੍ਰੇਨ ਲਈ ਪੱਛਮੀ ਦੇਸ਼ਾਂ ਦਾ ਸਮਰਥਨ ਜਾਰੀ ਰੱਖਣ ਦੀ ਦਿਸ਼ਾ ਵਿੱਚ ਅਹਿਮ ਸਾਬਤ ਹੋ ਸਕਦਾ ਹੈ।


# TAX & ACCOUNTING

**TAX | HST REBATE | ADVISORY |**
**ACCOUNTING | INCORPORATION |**
**BUSINESS LOAN | PERSONAL TAX**

**Harcharan S. Grover**
*Chartered Accountant*



ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ

Call for Professional Advice
**905.247.0193**
info@grovercpa.ca

GroVerCPA Professional Corporation

214-7895 Tranmere Drive, Mississauga ON L5S 1V9


## ਯੂਕ੍ਰੇਨ 'ਚ ਰਿਹਾਇਸ਼ੀ ਇਮਾਰਤ 'ਤੇ ਡਿੱਗਿਆ ਰੂਸੀ ਬੰਬ, 12 ਜ਼ਖ਼ਮੀ

ਕੀਵ, 3 ਅਕਤੂਬਰ (ਪੋਸਟ ਬਿਊਰੋ): ਯੂਕ੍ਰੇਨ ਦੇ ਦੂਜੇ ਸਭ ਤੋਂ ਵੱਡੇ ਸ਼ਹਿਰ ਖਾਰਕੀਵ ਵਿੱਚ ਇੱਕ 5 ਮੰਜ਼ਿਲਾ ਇਮਾਰਤ 'ਤੇ ਰੂਸੀ ਗਲਾਈਡ ਬੰਬ ਨਾਲ ਹਮਲਾ ਕੀਤਾ ਗਿਆ, ਜਿਸ ਵਿੱਚ ਇੱਕ 3 ਸਾਲ ਦੀ ਬੱਚੀ ਸਮੇਤ ਘੱਟੋ-ਘੱਟ 12 ਲੋਕ ਜ਼ਖ਼ਮੀ ਹੋ ਗਏ। ਸਥਾਨਕ ਅਧਿਕਾਰੀਆਂ ਨੇ ਵੀਰਵਾਰ ਨੂੰ ਇਹ ਜਾਣਕਾਰੀ ਦਿੱਤੀ। ਖਾਰਕਿਵ ਦੇ ਖੇਤਰੀ ਗਵਰਨਰ ਓਲੇਹ ਸਿਨਿਹੁਬੋਵ ਨੇ ਕਿਹਾ



ਕਿ ਬੰਬ ਬੁੱਧਵਾਰ ਰਾਤ ਨੂੰ ਇਮਾਰਤ ਦੀ ਚੌਥੀ ਮੰਜ਼ਿਲ 'ਤੇ ਡਿੱਗਿਆ, ਜਿਸ ਕਾਰਨ ਅੱਗ ਲੱਗ ਗਈ।

ਅੱਗ ਬੁਝਾਊ ਅਮਲੇ ਨੇ ਧੂੰਏਂ ਅਤੇ ਮਲਬੇ ਵਿਚ ਜ਼ਿੰਦਾ ਬਚੇ ਲੋਕਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਰੂਸੀ ਸਰਹੱਦ ਤੋਂ ਕਰੀਬ 30 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਖਾਰਕਿਵ ਸ਼ਹਿਰ, ਰੂਸ ਦੇ ਖਿਲਾਫ ਜੰਗ ਦੌਰਾਨ ਲਗਾਤਾਰ ਹਵਾਈ ਹਮਲਿਆਂ ਦਾ ਨਿਸ਼ਾਨਾ ਬਣਿਆ ਰਿਹਾ ਹੈ। ਇਹ ਜੰਗ ਹੁਣ ਤੀਜੇ ਸਾਲ ਵਿੱਚ ਦਾਖ਼ਲ ਹੋ ਗਈ ਹੈ। ਗਲਾਈਡ ਬੰਬ ਯੁੱਧ ਵਿਚ ਇਕ ਆਮ ਹਥਿਆਰ ਬਣ ਗਏ ਹਨ। ਉਨ੍ਹਾਂ ਨੇ ਨਾਗਰਿਕਾਂ ਨੂੰ ਡਰਾਇਆ ਹੈ ਅਤੇ ਯੂਕ੍ਰੇਨੀ ਫੌਜ ਦੇ ਫਰੰਟ-ਲਾਈਨ ਡਿਫੈਂਸ ਨੂੰ ਤਬਾਹ ਕਰ ਦਿੱਤਾ ਹੈ। ਯੂਕ੍ਰੇਨ ਕੋਲ ਗਲਾਈਡ ਬੰਬਾਂ ਲਈ ਕੋਈ ਪ੍ਰਭਾਵੀ ਜਵਾਬੀ ਉਪਾਅ ਨਹੀਂ ਹਨ, ਜੋ ਰੂਸ ਦੇ ਅੰਦਰੋਂ ਰੂਸੀ ਜਹਾਜ਼ਾਂ ਵੱਲੋਂ ਦਾਗੇ ਜਾਂਦੇ ਹਨ। ਯੂਕ੍ਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨੇ ਕਿਹਾ ਕਿ ਖਾਰਕਿਵ ਵਿੱਚ ਹੋਏ ਤਾਜ਼ਾ ਹਮਲੇ ਨੇ ਯੂਕ੍ਰੇਨ ਦੇ ਪੱਛਮੀ ਸਹਿਯੋਗੀਆਂ ਤੋਂ ਸਮਰਥਨ ਵਧਾਉਣ ਦੀ ਤੁਰੰਤ ਲੋੜ ਨੂੰ ਉਜਾਗਰ ਕੀਤਾ ਹੈ। ਜ਼ੇਲੇਂਸਕੀ ਨੇ ਹਾਲ ਹੀ ਵਿੱਚ ਪੱਛਮੀ ਫੌਜੀ ਸਹਾਇਤਾ ਨੂੰ ਹੋਰ ਜ਼ਿਆਦਾ ਯਕੀਨੀ ਕਰਨ ਦੀ ਕੋਸ਼ਿਸ਼ ਵਿੱਚ ਅਮਰੀਕੀ ਅਧਿਕਾਰੀਆਂ ਨਾਲ ਗੱਲਬਾਤ ਕੀਤੀ। ਯੂਕ੍ਰੇਨ ਨੂੰ ਫਰੰਟ ਲਾਈਨਾਂ 'ਤੇ ਫ਼ੌਜੀਆਂ ਦੀ ਘਾਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਲਗਾਤਾਰ ਰੂਸੀ ਹਮਲਿਆਂ ਨੂੰ ਰੋਕਣ ਲਈ ਸੰਘਰਸ਼ ਕਰ ਰਿਹਾ ਹੈ।


**Allseas Fisheries Inc. is Hiring!**

**DZ licensed delivery drivers needed.**

Pay is $24/hour. Full time, permanent

Should work any day of the week, including weekends.

If interested, please forward resume to **rgidda@allseas.net**



ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ



Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

**Sponsor Your Family**

MacroGlobal Immigration Services Ltd.

**Seema Bhayana**



MEMBER iccrc

**Ph: 905 452 0000, 905 452 9999**

180 Wilkinson Road, Unit 18 Brampton, ON L6T 4M3

Fax: 905 452 9996 Email: macroglobal@rogers.com

www.macroimmigration.com



**SherGill Law Firm**

Barrister, Solicitor & Notary Public

Paramjit Singh Gill (MBA,LL.B.)

Tel: 905-790-3636

Services:
- Real Estate
- Residential, Commercial & Franchise
- Criminal Law
- Family Law
- Affidavit, Power Of Attorney & Notarization
- Immigration Matters



2565 Steeles Ave E Unit #20, Brampton, ON L6T 4L6

Emergency Contact:
416.910.5676
www.shergilllawfirm.ca

# ਨੇਪਾਲ ਦੇ ਪ੍ਰਧਾਨ ਮੰਤਰੀ ਨੇ ਬੰਗਲਾਦੇਸ਼ੀ ਮੰਤਰੀ ਨਾਲ ਕੀਤੀ ਮੁਲਾਕਾਤ



ਕਾਠਮੰਡੂ, 3 ਅਕਤੂਬਰ (ਪੋਸਟ ਬਿਊਰੋ): ਪ੍ਰਧਾਨ ਮੰਤਰੀ ਕੇਪੀ ਸ਼ਰਮਾ ਓਲੀ ਅਤੇ ਬੰਗਲਾਦੇਸ਼ ਦੇ ਜੰਗਲਾਤ, ਵਾਤਾਵਰਣ, ਜਲਵਾਯੂ ਪਰਿਵਰਤਨ ਅਤੇ ਜਲ ਸਰੋਤ ਮੰਤਰੀ ਸਈਦਾ ਰਿਜ਼ਵਾਨਾ ਹਸਨ ਨੇ ਵੀਰਵਾਰ ਨੂੰ ਇੱਥੇ ਦੁਵੱਲੇ ਸਬੰਧਾਂ ਨੂੰ ਮਜ਼ਬੂਤ ਕਰਨ 'ਤੇ ਚਰਚਾ ਕੀਤੀ। ਦੋਹਾਂ ਨੇਤਾਵਾਂ ਨੇ ਕਾਠਮੰਡੂ ਦੇ ਬਾਲੂਵਾਤਾਰ ਸਥਿਤ ਪ੍ਰਧਾਨ ਮੰਤਰੀ ਦੀ ਸਰਕਾਰੀ ਰਿਹਾਇਸ਼ 'ਤੇ ਮੁਲਾਕਾਤ ਕੀਤੀ। ਪ੍ਰਧਾਨ ਮੰਤਰੀ ਸਕੱਤਰੇਤ ਅਨੁਸਾਰ ਮੁਲਾਕਾਤ ਦੌਰਾਨ ਓਲੀ ਅਤੇ ਹਸਨ ਨੇ ਦੋਵਾਂ ਦੇਸ਼ਾਂ ਵਿਚਕਾਰ ਮੌਜੂਦਾ ਦੁਵੱਲੇ ਸਬੰਧਾਂ ਨੂੰ ਮਜ਼ਬੂਤ ਅਤੇ ਵਿਸਥਾਰ ਕਰਨ ਦੇ ਤਰੀਕਿਆਂ 'ਤੇ ਚਰਚਾ ਕੀਤੀ। ਉਨ੍ਹਾਂ ਨੇ ਊਰਜਾ ਦੇ ਖੇਤਰ ਸਮੇਤ ਹੋਰ ਖੇਤਰਾਂ ਵਿੱਚ ਸਹਿਯੋਗ ਵਧਾਉਣ 'ਤੇ ਚਰਚਾ ਕੀਤੀ।

ਬੰਗਲਾਦੇਸ਼ ਦੀ ਮੰਤਰੀ ਸਈਦਾ ਭਾਰਤ ਰਾਹੀਂ ਨੇਪਾਲ ਦੀ ਬਿਜਲੀ ਬੰਗਲਾਦੇਸ਼ ਨੂੰ ਨਿਰਯਾਤ ਕਰਨ ਦੀ ਸਹੂਲਤ ਦੇਣ ਲਈ ਬੰਗਲਾਦੇਸ਼, ਭਾਰਤ ਅਤੇ ਨੇਪਾਲ ਦਰਮਿਆਨ ਤ੍ਰਿਪੱਖੀ ਊਰਜਾ ਸਮਝੌਤੇ 'ਤੇ ਹਸਤਾਖਰ ਕਰਨ ਲਈ ਬੁੱਧਵਾਰ ਨੂੰ ਕਾਠਮੰਡੂ ਪਹੁੰਚੀ। ਊਰਜਾ ਮੰਤਰਾਲੇ ਨੇ ਇੱਕ ਬਿਆਨ ਵਿੱਚ ਕਿਹਾ ਕਿ ਨੇਪਾਲ ਦੇ ਊਰਜਾ ਸਕੱਤਰ ਸੁਰੇਸ਼ ਆਚਾਰੀਆ ਅਤੇ ਬੰਗਲਾਦੇਸ਼ ਦੇ ਬਿਜਲੀ, ਊਰਜਾ ਅਤੇ ਖਣਿਜ ਸਰੋਤ ਮੰਤਰਾਲੇ ਦੇ ਪਾਵਰ ਡਿਵੀਜ਼ਨ ਦੇ ਸੀਨੀਅਰ ਸਕੱਤਰ ਦੀ ਸੰਯੁਕਤ ਸਟੀਅਰਿੰਗ ਕਮੇਟੀ (ਜੇ.ਐੱਸ.ਸੀ) ਦੀ ਮੀਟਿੰਗ ਵੀਰਵਾਰ ਨੂੰ ਕਾਠਮੰਡੂ ਵਿੱਚ ਹੋਈ। ਬੁੱਧਵਾਰ ਨੂੰ ਸਮਾਰੋਹ ਦੌਰਾਨ ਨੇਪਾਲ ਇਲੈਕਟ੍ਰੀਸਿਟੀ ਅਥਾਰਟੀ, ਬੰਗਲਾਦੇਸ਼ ਬਿਜਲੀ ਵਿਕਾਸ ਬੋਰਡ ਅਤੇ ਇਲੈਕਟ੍ਰੀਸਿਟੀ ਟਰੇਡਿੰਗ ਕਾਰਪੋਰੇਸ਼ਨ ਆਫ ਇੰਡੀਆ ਵਿਚਕਾਰ ਪਾਵਰ ਸੇਲ ਐਗਰੀਮੈਂਟ 'ਤੇ ਹਸਤਾਖਰ ਕਰਨ ਦਾ ਫ਼ੈਸਲਾ ਕੀਤਾ ਗਿਆ।

# ਜੀ.ਐੱਸ.ਟੀ. ਵਿਭਾਗ ਵੱਲੋਂ ਬਜ਼ਾਰਾਂ 'ਚ ਕੀਤੀ ਗਈ ਅਚਨਚੇਤ ਚੈਕਿੰਗ

ਸ੍ਰੀ ਮੁਕਤਸਰ ਸਾਹਿਬ, 3 ਅਕਤੂਬਰ (ਗਿਆਨ ਸਿੰਘ): ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਟੈਕਸ ਚੋਰੀ ਦੇ ਮਾਮਲਿਆਂ ਨੂੰ ਠੱਲ੍ਹ ਪਾਉਣ ਲਈ ਜੀ.ਐਸ.ਟੀ. ਵਿਭਾਗ ਵੱਲੋਂ ਸਖਤੀ ਕਰਨੀ ਸ਼ੁਰੂ ਕਰ ਦਿੱਤੀ ਹੈ, ਇਸੇ ਲੜੀ ਤਹਿਤ ਸਹਾਇਕ ਕਮਿਸ਼ਨਰ ਰਾਜ ਕਰ, ਸ੍ਰੀ ਮੁਕਤਸਰ ਸਾਹਿਬ ਰੋਹਿਤ ਗਰਗ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਵਿਭਾਗ ਦੇ ਅਫ਼ਸਰਾਂ ਵੱਲੋਂ ਬਾਜ਼ਾਰਾਂ ਵਿੱਚ ਅਚਨਚੇਤ ਚੈਕਿੰਗ ਕੀਤੀ ਗਈ। ਇਸ ਮੌਕੇ ਵਿਭਾਗ ਦੇ ਅਫ਼ਸਰਾਂ ਵੱਲੋਂ ਸ਼ਹਿਰ ਦੇ ਮੁੱਖ ਬਾਜ਼ਾਰ, ਗਾਂਧੀ ਚੌਂਕ, ਘਾਹ ਮੰਡੀ ਚੌਂਕ, ਰੇਲਵੇ ਰੋਡ ਅਤੇ ਬੈਂਕ ਰੋਡ 'ਤੇ ਪਲਿਸ ਵਿਭਾਗ ਦੇ ਸਹਿਯੋਗ ਨਾਲ ਦੁਕਾਨਾਦਾਰਾਂ ਵੱਲੋਂ ਸੇਲ ਲਈ ਜਾਰੀ ਕੀਤੇ ਜਾਂਦੇ ਰਿਟੇਲ ਬਿੱਲਾਂ ਦੀ ਚੈਕਿੰਗ ਕੀਤੀ ਗਈ।

# ਕੰਬੋਡੀਆ'ਚ ਫਸੇ 67 ਭਾਰਤੀ ਦੂਤਾਵਾਸ ਨੇ ਛੁਡਵਾਏ

ਨਵੀਂ ਦਿੱਲੀ , 3 ਅਕਤੂਬਰ (ਪੋਸਟ ਬਿਊਰੋ): ਨੋਮ ਪੇਨ ਸਥਿਤ ਭਾਰਤੀ ਦੂਤਾਵਾਸ ਨੇ ਐਲਾਨ ਕੀਤਾ ਕਿ ਉਸ ਨੇ ਕੰਬੋਡੀਆ ਦੇ ਪੋਇਪੇਟ ਤੋਂ 67 ਭਾਰਤੀ ਨਾਗਰਿਕਾਂ ਨੂੰ ਸਫਲਤਾਪੂਰਵਕ ਛੁਡਵਾਇਆ ਹੈ, ਜਿਨ੍ਹਾਂ ਨੂੰ ਸਾਈਬਰ ਕ੍ਰਾਈਮ 'ਚ ਸ਼ਾਮਿਲ ਫਰਜ਼ੀ ਏਜੰਟਾਂ ਦੁਆਰਾ ਨੌਕਰੀ ਦੀ ਪੇਸ਼ਕਸ਼ ਦਾ ਲਾਲਚ ਦਿੱਤਾ ਗਿਆ ਸੀ। ਦੂਤਾਵਾਸ ਨੇ ਇੱਕ ਬਿਆਨ 'ਚ ਕਿਹਾ ਕਿ ਭਾਰਤੀ ਦੂਤਾਵਾਸ, ਨੋਮ ਪੇਨ, ਜਾਅਲੀ ਏਜੰਟਾਂ ਦੁਆਰਾ ਧੋਖਾਧੜੀ ਵਾਲੀਆਂ ਨੌਕਰੀਆਂ ਦੀਆਂ ਪੇਸ਼ਕਸ਼ਾਂ 'ਚ ਫਸੇ ਭਾਰਤੀ ਨਾਗਰਿਕਾਂ ਨੂੰ ਬਚਾਉਣ ਅਤੇ ਵਾਪਸ ਲਿਆਉਣ ਵਿੱਚ ਸਰਗਰਮੀ ਨਾਲ ਰੁੱਝਿਆ ਹੋਇਆ ਹੈ, ਜੋ ਉਨ੍ਹਾਂ ਨੂੰ ਅਜਿਹੀਆਂ ਸਾਈਬਰ ਕ੍ਰਾਈਮ ਗਤੀਵਿਧੀਆਂ 'ਚ ਫਸਾਉਂਦੇ ਹਨ।



ਦੂਤਾਵਾਸ ਅਨੁਸਾਰ 22 ਸਤੰਬਰ ਨੂੰ ਖਾਸ ਸੂਚਨਾਮ ਮਿਲਣ ਤੋਂ ਬਾਅਦ, ਕੰਬੋਡੀਅਨ ਪੁਲਿਸ ਨੇ ਪੋਇਪੇਟ ਤੋਂ 67 ਭਾਰਤੀ ਨਾਗਰਿਕਾਂ ਨੂੰ ਬਚਾਇਆ ਸੀ। ਦੂਤਾਵਾਸ, ਕੰਬੋਡੀਅਨ ਅਧਿਕਾਰੀਆਂ ਦੇ ਨਜਦੀਕੀ ਸਹਿਯੋਗ ਨਾਲ, ਹੁਣ ਉਨ੍ਹਾਂ ਨੂੰ ਬੈਚਾਂ ਵਿਚ ਵਾਪਿਸ ਭੇਜਣ ਦੀ ਸਹੂਲਤ ਪ੍ਰਦਾਨ ਕਰ ਰਿਹਾ ਹੈ। ਦੂਤਾਵਾਸ ਦੇ ਅਧਿਕਾਰੀਆਂ ਦੀ ਇੱਕ ਟੀਮ ਪ੍ਰਕਿਰਿਆ ਦੀ ਨਿਗਰਾਨੀ ਕਰ ਰਹੀ ਹੈ ਅਤੇ ਸਟਾਫ ਮੈਂਬਰ ਬਚਾਏ ਗਏ ਨਾਗਰਿਕਾਂ ਦੀ ਨਿਰਵਿਘਨ ਰਵਾਨਗੀ ਨੂੰ ਯਕੀਨੀ ਬਣਾਉਣ ਲਈ ਹਵਾਈ ਅੱਡੇ 'ਤੇ ਤਾਇਨਾਤ ਹਨ। 30 ਸਤੰਬਰ ਤੱਕ, 15 ਭਾਰਤੀ ਨਾਗਰਿਕ ਪਹਿਲਾਂ ਹੀ ਘਰ ਪਰਤ ਚੁੱਕੇ ਹਨ, ਇਸ ਤੋਂ ਬਾਅਦ 1 ਅਕਤੂਬਰ ਨੂੰ 24 ਹੋਰ ਭਾਰਤ ਭੇਜੇ ਜਾ ਰਹੇ ਹਨ। ਬਾਕੀ 28 ਵਿਅਕਤੀਆਂ ਦੇ ਆਉਣ ਵਾਲੇ ਦਿਨਾਂ ਵਿੱਚ ਭਾਰਤ ਪਹੁੰਚਣ ਦੀ ਉਮੀਦ ਹੈ। ਬਿਆਨ ਵਿਚ ਕਿਹਾ ਗਿਆ ਹੈ ਕਿ ਭਾਰਤੀ ਦੂਤਘਰ ਸਥਿਤੀ 'ਤੇ ਨੇੜਿਓਂ ਨਜ਼ਰ ਰੱਖ ਰਿਹਾ ਹੈ ਅਤੇ ਅਜਿਹੇ ਸਾਈਬਰ ਕ੍ਰਾਈਮ ਕਾਰਵਾਈਆਂ ਵਿਚ ਫਸੇ ਸਾਡੇ ਨਾਗਰਿਕਾਂ ਦੀ ਸਹਾਇਤਾ ਲਈ ਵਚਨਬੱਧ ਹੈ।

# ਅਨਮੋਲ ਗਗਨ ਮਾਨ ਨੇ ਖਰੜ ਵਿੱਚ ਅੱਠ ਟਿਊਬਵੈੱਲ ਪ੍ਰੋਜੈਕਟਾਂ ਦਾ ਨੀਂਹ ਪੱਥਰ ਰੱਖਿਆ

ਖਰੜ, 3 ਅਕਤੂਬਰ (ਗਿਆਨ ਸਿੰਘ): ਖਰੜ ਤੋਂ ਵਿਧਾਇਕ ਸ਼੍ਰੀਮਤੀ ਅਨਮੋਲ ਗਗਨ ਮਾਨ ਨੇ ਅੱਜ ਖਰੜ ਵਿੱਚ 3 ਕਰੋੜ ਰੁਪਏ ਦੀ ਲਾਗਤ ਨਾਲ ਖਰੜ ਦੇ ਅੱਠ ਵਾਰਡਾਂ ਲਈ ਅੱਠ ਟਿਊਬਵੈਲ ਪ੍ਰੋਜੈਕਟਾਂ ਦੀ ਸ਼ੁਰੂਆਤ ਕੀਤੀ।

ਖਰੜ ਦੇ ਵਾਰਡ 12 ਵਿਖੇ ਇੱਕ ਜਨਤਕ ਇਕੱਠ ਦੌਰਾਨ ਟਿਊਬਵੈੱਲ ਪ੍ਰੋਜੈਕਟਾਂ ਅਤੇ ਪਾਰਕ ਦਾ ਨੀਂਹ ਪੱਥਰ ਰੱਖਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿਧਾਇਕ ਖਰੜ ਅਨਮੋਲ ਗਗਨ ਮਾਨ ਨੇ ਕਿਹਾ ਕਿ ਇਸ ਤੋਂ ਪਹਿਲਾਂ ਖਰੜ ਸ਼ਹਿਰ ਵਿੱਚ 4.25 ਕਰੋੜ ਰੁਪਏ ਦੀ ਲਾਗਤ ਨਾਲ 12 ਟਿਊਬਵੈੱਲ ਲਗਾਏ ਜਾ ਚੁੱਕੇ ਹਨ ਅਤੇ 4.25 ਕਰੋੜ ਰੁਪਏ ਦੀ ਲਾਗਤ ਦੇ ਟਿਊਬਵੈੱਲ ਹੋਰ ਲੱਗਣ ਦੀ ਤਿਆਰੀ ਵਿੱਚ ਹਨ।

ਉਨ੍ਹਾਂ ਕਿਹਾ ਕਿ ਖਰੜ ਸ਼ਹਿਰ ਵਿੱਚ



ਪੀਣ ਵਾਲੇ ਪਾਣੀ ਅਤੇ ਸੀਵਰੇਜ ਦੀ ਸਮੱਸਿਆ ਨੂੰ ਦੂਰ ਕਰਨ ਲਈ 158 ਕਰੋੜ ਰੁਪਏ ਦੇ ਪ੍ਰੋਜੈਕਟਾਂ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਇਨ੍ਹਾਂ ਵਿੱਚੋਂ 30 ਕਰੋੜ ਰੁਪਏ ਦੇ ਦੋ ਸੀਵਰੇਜ ਪ੍ਰਾਜੈਕਟ ਜਿਨ੍ਹਾਂ ਵਿੱਚ ਖੂਨੀਮਾਜਰਾ ਦਾ 17 ਕਰੋੜ ਰੁਪਏ ਦਾ ਪ੍ਰੋਜੈਕਟ ਸ਼ਾਮਲ ਹੈ, ਸ਼ਹਿਰ ਵਿੱਚ ਓਵਰਫਲੋ ਹੋ ਰਹੇ ਸੀਵਰੇਜ ਦੇ ਮੁੱਦੇ ਨੂੰ ਪੱਕੇ ਤੌਰ 'ਤੇ ਹੱਲ ਕਰਨ ਲਈ ਸਥਾਪਤ ਕੀਤੇ ਜਾ ਰਹੇ ਹਨ ਜੋ ਕਿ ਸ਼ਹਿਰ ਵਾਸੀਆਂ ਦੀ ਚਿਰੋਕਣੀ ਮੰਗ ਸੀ।

# ਮੁੱਖ ਮੰਤਰੀ ਵੱਲੋਂ ਪਿੰਡ ਵਾਸੀਆਂ ਨੂੰ ਵਿਕਾਸ ਲਈ ਪੰਚਾਇਤਾਂ ਦੀ ਚੋਣ ਸਰਬਸੰਮਤੀ ਨਾਲ ਕਰਨ ਦੀ ਅਪੀਲ

***ਸਰਕਾਰ ਵੱਲੋਂ ਸਰਬਸੰਮਤੀ ਵਾਲੇ ਪਿੰਡਾਂ ਨੂੰ ਵੱਧ ਫੰਡ ਦੇਣ ਦੀ ਗੱਲ ਦੁਹਰਾਈ *ਪੰਚਾਇਤੀ ਚੋਣਾਂ ਵਿੱਚ ਪੈਸੇ ਅਤੇ ਤਾਕਤ ਦੀ ਵਰਤੋਂ ਕਰਨ ਵਾਲਿਆਂ ਨੂੰ ਨਕਾਰਨ ਲੋਕ : ਮੁੱਖ ਮੰਤਰੀ**

ਆਪਣੇ ਪਿੰਡ ਦੇ ਦੌਰੇ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਚਾਇਤੀ ਚੋਣਾਂ ਦੇਸ਼ ਵਿੱਚ ਜਮਹੂਰੀ ਪ੍ਰਣਾਲੀ ਦਾ ਆਧਾਰ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਚੋਣਾਂ ਦਾ ਮਕਸਦ ਲੋਕਾਂ ਨੂੰ ਜ਼ਮੀਨੀ ਪੱਧਰ 'ਤੇ ਲੋਕਤੰਤਰ ਦਾ ਹਿੱਸਾ ਬਣਾਉਣਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਇਨ੍ਹਾਂ ਚੋਣਾਂ ਨੂੰ ਆਜ਼ਾਦ, ਨਿਰਪੱਖ ਅਤੇ ਸ਼ਾਂਤੀਪੂਰਨ ਢੰਗ ਨਾਲ ਕਰਵਾਉਣ ਲਈ ਵਚਨਬੱਧ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਲੋਕ ਪੰਚਾਇਤਾਂ ਵਿੱਚ ਚੁਣੇ ਜਾਣ ਵਾਲੇ ਉਮੀਦਵਾਰਾਂ ਬਾਰੇ ਸਰਬਸੰਮਤੀ ਬਣਾਉਣ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਇਨ੍ਹਾਂ ਚੋਣਾਂ ਵਿੱਚ ਪੈਸੇ ਅਤੇ ਤਾਕਤ ਦੀ ਵਰਤੋਂ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਤਾਂ ਜੋ ਉਹ ਜਮਹੂਰੀ ਪ੍ਰਕਿਰਿਆ ਦਾ ਅਨਿੱਖੜਵਾਂ ਅੰਗ ਬਣਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਸੂਬੇ ਭਰ ਦੇ ਪਿੰਡਾਂ ਦੇ ਸਰਵਪੱਖੀ ਵਿਕਾਸ ਦੇ ਨਾਲ-ਨਾਲ ਉਨ੍ਹਾਂ ਵਿੱਚ ਭਾਈਚਾਰਕ ਸਾਂਝ ਅਤੇ ਫਿਰਕੂ ਸਦਭਾਵਨਾ ਮਜ਼ਬੂਤ ਕਰਨ ਵਿੱਚ ਸਹਾਈ ਹੋਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਵਿੱਚ ਪੰਚਾਇਤੀ ਚੋਣਾਂ ਬਿਨਾਂ ਪਾਰਟੀ ਚੋਣ ਨਿਸ਼ਾਨਾਂ ਤੋਂ ਲੜੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਸ ਨਾਲ ਪਿੰਡਾਂ ਵਿੱਚੋਂ ਧੜੇਬੰਦੀ ਖ਼ਤਮ ਹੋਵੇਗੀ ਅਤੇ ਪੇਂਡੂ ਖੇਤਰ ਦਾ ਸਰਵਪੱਖੀ ਵਿਕਾਸ ਯਕੀਨੀ ਬਣੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਨੇ ਵਡੇਰੇ ਲੋਕ ਹਿੱਤਾਂ ਨੂੰ ਧਿਆਨ ਵਿੱਚ ਰੱਖਦਿਆਂ ਉਮੀਦਵਾਰਾਂ ਨੂੰ ਪਾਰਟੀ ਦੇ ਚੋਣ ਨਿਸ਼ਾਨਾਂ 'ਤੇ ਚੋਣ ਲੜਨ ਤੋਂ ਰੋਕਣ ਦਾ ਵੱਡਾ ਫੈਸਲਾ ਲਿਆ ਹੈ।

ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਜਿਹੜਾ ਵੀ ਪਿੰਡ ਸਰਬਸੰਮਤੀ ਨਾਲ ਪੰਚਾਇਤਾਂ ਦੀ ਚੋਣ ਕਰੇਗਾ, ਉਸ ਪਿੰਡ ਨੂੰ ਸਟੇਡੀਅਮ, ਸਕੂਲ ਜਾਂ ਹਸਪਤਾਲ ਸਮੇਤ ਪੰਜ ਲੱਖ ਰੁਪਏ ਦੀ ਗ੍ਰਾਂਟ ਦਿੱਤੀ ਜਾਵੇਗੀ। ਉਨ੍ਹਾਂ ਪਿੰਡ ਵਾਸੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੀ ਪੰਚ- ਾਇਤ ਸਰਬਸੰਮਤੀ ਨਾਲ ਚੁਣ ਕੇ ਸੂਬੇ ਵਿੱਚ ਮਿਸਾਲ ਕਾਇਮ ਕਰਨ। ਉਨ੍ਹਾਂ



ਕਿਹਾ ਕਿ ਉਨ੍ਹਾਂ ਨੇ ਆਪਣੇ ਜੱਦੀ ਪਿੰਡ ਦੇ ਵਿਕਾਸ ਲਈ ਕੋਈ ਕਸਰ ਬਾਕੀ ਨਹੀਂ ਛੱਡੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਅੱਗੇ ਵੀ ਪਿੰਡ ਦੇ ਵਿਕਾਸ ਲਈ ਫੰਡਾਂ ਦੀ ਕੋਈ ਕਮੀ ਨਹੀਂ ਹੋਵੇਗੀ ਅਤੇ ਇਹ ਸੂਬੇ ਦਾ ਮਾਡਲ ਪਿੰਡ ਬਣ ਕੇ ਉਭਰੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਪੰਚਾਇਤੀ ਰਾਜ ਪ੍ਰਣਾਲੀ ਨੂੰ ਮਜ਼ਬੂਤ ਕਰਨਾ ਚਾਹੁੰਦੀ ਹੈ, ਜਿਸ ਲਈ ਸੂਝਵਾਨ ਅਤੇ ਇਮਾਨਦਾਰ ਲੋਕਾਂ ਦੀ ਚੋਣ ਕੀਤੀ ਜਾਣੀ ਚਾਹੀਦੀ ਹੈ। ਭਗਵੰਤ ਸਿੰਘ ਮਾਨ ਨੇ ਉਮੀਦ ਜ਼ਾਹਰ ਕੀਤੀ ਕਿ ਸੂਬਾ ਸਰਕਾਰ ਦੇ ਇਨ੍ਹਾਂ ਯਤਨਾਂ ਦੇ ਵਧੀਆ ਨਤੀਜੇ ਸਾਹਮਣੇ ਆਉਣਗੇ ਅਤੇ ਲੋਕਾਂ ਨੂੰ ਇਸ ਦਾ ਲਾਭ ਮਿਲੇਗਾ। ਉਨ੍ਹਾਂ ਕਿਹਾ ਕਿ ਸੂਬੇ ਭਰ ਦੇ ਪਿੰਡਾਂ ਨੂੰ ਵਿਕਾਸ ਲਈ ਵੱਧ ਤੋਂ ਵੱਧ ਫੰਡ ਦੇ ਕੇ ਨਵਾਂ ਰੂਪ ਦਿੱਤਾ ਜਾਵੇਗਾ ਅਤੇ ਇਸ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਗ਼ਰੀਬੀ ਸਿਰਫ਼ ਲੀਡਰਾਂ ਦੇ ਬੋਲਾਂ ਨਾਲ ਖ਼ਤਮ ਨਹੀਂ ਹੋਵੇਗੀ, ਸਗੋਂ ਆਮ ਆਦਮੀ ਦੇ ਸ਼ਕਤੀਕਰਨ ਨਾਲ ਹੀ ਇਸ ਨੂੰ ਖ਼ਤਮ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਸਿੱਖਿਆ ਹੀ ਉਹ ਕੁੰਜੀ ਹੈ, ਜੋ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕ ਕੇ ਗਰੀਬੀ ਤੋਂ ਬਾਹਰ ਕੱਢ ਸਕਦੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਸੂਬੇ ਦੇ ਨੌਜਵਾਨਾਂ ਨੂੰ ਰੋਜ਼ਗਾਰ ਦੇ ਕੇ ਉਨ੍ਹਾਂ ਦੇ ਸ਼ਕਤੀਕਰਨ ਲਈ ਅਣਥੱਕ ਯਤਨ ਕਰ ਰਹੀ ਹੈ ਅਤੇ ਹੁਣ ਤੱਕ 44000 ਤੋਂ ਵੱਧ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਜਾ ਚੁੱਕੀਆਂ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਪੰਚਾਇਤਾਂ ਜਮਹੂਰੀ ਪ੍ਰਣਾਲੀ ਦੀ ਨੀਂਹ ਹਨ ਅਤੇ ਇਸ ਨੂੰ ਹਰ ਤਰ੍ਹਾਂ ਨਾਲ ਮਜ਼ਬੂਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਰਪੰਚਾਂ ਦੀ ਚੋਣ ਪਿੰਡਾਂ ਲਈ ਹੋਣੀ ਚਾਹੀਦੀ ਹੈ, ਨਾ ਕਿ ਕਿਸੇ ਸਿਆਸੀ ਪਾਰਟੀ ਜਾਂ ਧੜੇ ਲਈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਇਹ ਯਕੀਨੀ ਬਣਾਉਣਾ ਚਾਹੁੰਦੀ ਹੈ ਕਿ ਪੰਚਾਇਤਾਂ ਪਿੰਡਾਂ ਦੇ ਵਿਕਾਸ ਅਤੇ ਲੋਕਾਂ ਦੀ ਖੁਸ਼ਹਾਲੀ ਲਈ ਪ੍ਰੇਰਕ ਵਜੋਂ ਕੰਮ ਕਰਨ।

ਇਸ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਲੋਕਾਂ ਨੂੰ ਕੰਮ ਤੋਂ ਵਾਂਝੇ ਕਰਨ ਵਾਲਾ ਕੋਈ ਵੀ ਕੇਂਦਰੀ ਕਾਨੂੰਨ ਸੂਬੇ ਵਿੱਚ ਲਾਗੂ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਪੰਜਾਬ ਦੇ ਲੋਕਾਂ ਦੇ ਹਿੱਤਾਂ ਦੀ ਰਾਖੀ ਲਈ ਵਚਨਬੱਧ ਹੈ ਅਤੇ ਇਸ ਲਈ ਹਰ ਚਾਰਾਜੋਈ ਕੀਤੀ ਜਾਵੇਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਕਿਸੇ ਨੂੰ ਵੀ ਸੂਬੇ ਅਤੇ ਇੱਥੋਂ ਦੇ ਲੋਕਾਂ ਦੇ ਹਿੱਤਾਂ ਨਾਲ ਖਿਲਵਾੜ ਨਹੀਂ ਕਰਨ ਦੇਵੇਗੀ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਰਾਮਗੜ੍ਹੀਆ ਸਿੱਖ ਲੜਕਾ, 26 ਸਾਲ, 5ਫੁੱਟ, 9ਇੰਚ, ਵਰਕ ਪਰਮਿਟ, ਟਰੱਕ ਡਰਾਈਵਰ, ਨਾਨਡ੍ਰਿੰਕਿੰਗ ਲਈ, ਪੀ.ਆਰ./ਸਿਟੀਜ਼ਨ ਲੜਕੀ ਦੀ ਲੋੜ। ਸੰਪਰਕ: sukh25125@gmail.com ਜਾਂ ਵਟਸਐਪ +16723355016, ਕੋਈ ਜਾਤੀ ਬੰਧਨ ਨਹੀਂ। ਮੈਰਿਜ ਬਿਊਰੋ ਵਾਲੇ ਮੁਆਫ ਕਰਨ।

ਲੁਬਾਣਾ ਸਿੱਖ, 1989 ਕਲੀਨਸ਼ੇਵ, ਗੋਰਾ ਰੰਗ, ਕੱਦ 5'8, ਕੈਨੇਡਾ ਵਿੱਚ ਸਥਾਈ ਨਿਵਾਸੀ (**Italian citizen**) ਲਈ ਖੂਬਸੂਰਤ ਅਤੇ ਪੜ੍ਹੀ ਲਿਖੀ ਲੜਕੀ ਦੀ ਲੋੜ। ਸੰਪਰਕ- 647-449-6746 ਜਾਂ 250-793-0527

Well Settled **Ramgarhia Family** in Winnipeg looking for a suitable match for their son **(Canadian citizenship)**, 33-year-old, 5-10, clean shaved. Currently working in the financing business. **Call at 204-510-7658 or 204-979-0021.**

Sikh Tonk kashtriya Boy Feb/1993 Born, height 5.11", B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ 'ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ।ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com




## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013




**Allseas Fisheries Inc. is Hiring!**
**DZ licensed delivery drivers needed.**
Pay is $24/hour. Full time, permanent
Should work any day of the week, including weekends.
If interested, please forward resume to **rgidda@allseas.net**

## ਲੜਕੇ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ, 28 ਸਾਲ, 5'6", ਕੇਨੈਡਾ ਵਿੱਚ ਵਿਜਟਰ ਵੀਜ਼ੇ 'ਤੇ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜਨ/ਪੀ.ਆਰ. ਜੱਟ ਸਿੱਖ ਲੜਕੇ ਦੀ ਜ਼ਰੂਰਤ। ਸੰਪਰਕ: 647-203-7573

ਕੈਨੇਡਾ (ਬਰੈਪਟਨ) ਪੀ ਆਰ ਦਰਜੀ ਸਿੰਘ (ਛੀਂਬਾ) ਤਲਾਕਸ਼ੁਦਾ ਲੜਕੀ B.Sc.Nursing, 33 ਸਾਲ 5' 2" ਲਈ ਪਗੜੀਧਾਰੀ ਲੜਕੇ ਦੀ ਲੋੜ। +919417939114

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com




## ਲੜਕੇ ਦੀ ਲੋੜ

ਗਿੱਲ ਜੱਟ ਸਿੱਖ, 1992, ਇਕਲੌਤੀ, B.Tech. ਲੜਕੀ ਲਈ ਗੁਰਸਿੱਖ ਕੈਨੇਡੀਅਨ ਸੈਟਲਡ ਪਰਿਵਾਰ ਦੇ ਲੜਕੇ ਦੀ ਲੋੜ। ਸੰਪਰਕ: 9464034653, 2364582228

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5 ਫੁੱਟ 4", ਬੀ.ਏ ਪਾਸ, ਹੇਅਰ ਐਂਡ ਸਕਿੱਨ ਕੇਅਰ ਡਿਪਲੋਮਾ (ਆਈ. ਟੀ.ਆਈ) ਕੰਪਿਊਟਰ ਡਿਪਲੋਮਾ ਇੱਕ ਸਾਲ ਕੀਤਾ ਹੋਇਆ, ਵਿਜ਼ਟਰ ਵੀਜ਼ੇ 'ਤੇ ਕੇਨੈਡਾ ਆਈ ਹੋਈ, ਲਈ ਕੈਨੇਡੀਅਨ ਜੱਟ ਸਿੱਖ ਪੀ.ਆਰ ਲੜਕੇ ਦੀ ਲੋੜ। ਸੰਪਰਕ: 1-905-451-1716, +919876533403

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿਖ 1996/5'-3", ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ: 9478403300

ਜੱਟ ਸਿਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਸੈਲ ਐਂਡ ਫਿਕਸ



ਟ੍ਰਕ ਡਰਾਇਵਰਾਂ ਤੇ ਸਟੂਡੈਂਟਾਂ ਲਈ ਧਮਾਕੇਦਾਰ ਤੇ ਸਸਤੇ ਫੋਨ ਪਲੈਨ।
ਫੋਨ: 905-790-9999
2565 Steeles Ave E unit 3, Brampton, ON L6T 4L6

5 ਅਕਤੂਬਰ ਲਈ ਵਿਸ਼ੇਸ

# 5 ਅਕਤੂਬਰ 1972 ਨੂੰ ਵਾਪਰਿਆ ਸੀ ਰੀਗਲ ਸਿਨੇਮਾ ਗੋਲੀ ਕਾਂਡ



ਗਿਆਨ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਫਸਰ
ਨਿਊ ਦਸ਼ਮੇਸ ਨਗਰ ਮੋਗਾ
ਮੋਬਾਇਲ +919815784100

ਦੁਨੀਆਂ ਦੇ ਇਤਿਹਾਸ ਵੱਲ ਨਜ਼ਰ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਜਿਹੜੀ ਮੂਵਮੈਂਟ,ਅੰਦੋਲਨ, ਲਹਿਰ ਵਿੱਦਿਆਰਥੀਆਂ ਦੇ ਹੱਥਾਂ ਵਿਚ ਆਈ ਹੈ,ਉਸ ਦਾ ਕਦੇ ਅੰਤ ਨਹੀ ਹੁੰਦਾ। ਵਿੱਦਿਅਕ ਸੰਸਥਾਵਾਂ ਵਿਚ ਵਿੱਦਿਆਰਥੀ ਆਉਦੇ ਰਹਿੰਦੇ ਹਨ ਅਤੇ ਆਪਣੀਆਂ ਕਲਾਸਾਂ ਪੂਰੀਆਂ ਕਰਕੇ ਸੰਸਥਾਵਾਂ ਛੱਡ ਕੇ ਚਲੇ ਜਾਂਦੇ। 1972 ਵਿਚ ਪੰਜਾਬ ਵਿਚ ਨਕਸਲਵਾੜੀ ਲਹਿਰ ਦਾ ਅਰੰਭ ਹੋ ਰਿਹਾ ਸੀ। ਉਸ ਸਮੇਂ ਮੋਗਾ ਵਿਚ ਵਿੱਦਿਆਰਥੀਆਂ ਦੀ ਸਿਨੇਮਾ ਮਾਲਕਾਂ ਖਿਲਾਫ ਟਿਕਟਾਂ ਦੀ ਬਲੈਕ ਮਾਰਕੀਟਿੰਗ ਰੋਕਣ ਲਈ ਲੜਾਈ ਆਰੰਭ ਸੀ। ਪੰਜਾਬ ਵਿਚ ਕਾਂਗਰਸ ਦੀ ਸਰਕਾਰ ਸੀ ਜਿਸ ਦੀ ਅਗਵਾਈ ਗਿਆਨੀ ਜ਼ੈਲ ਸਿੰਘ ਮੁੱਖ ਮੰਤਰੀ ਪੰਜਾਬ ਕਰ ਰਹੇ ਸਨ।

7 ਅਗਸਤ 1972 ਨੂੰ ਪੰਜਾਬ ਦਾ ਬਾਰਵਾਂ ਜ਼ਿਲ੍ਹਾ ਫਰੀਦਕੋਟ ਬਣਾਇਆ ਗਿਆਂ ਜਿਸ ਵਿਚ ਜ਼ਿਲ੍ਹਾ ਬਠਿੰਡਾ ਦੀ ਤਗਿਸੀਲ ਫਰੀਦਕੋਦ, ਜ਼ਿਲ੍ਹਾ ਫਿਰੋਜ਼ਪੁਰ ਦੀਆਂ ਮੁਕਤਸਰ ਤੇ ਮੋਗਾ ਤਹਿਸੀਲਾਂ ਸਾਮਲ ਕੀਤੀਆਂ ਗਈਆਂ ਸਨ। ਅਜੇ ਨਵੇਂ ਜ਼ਿਲ੍ਹੇ ਫਰੀਦਕੋਟ ਬਣੇ ਨੂੰ ਦੋ ਮਹੀਨੇ ਹੋਏ ਸਨ, ਮੋਗਾ ਵਿਖੇ 5 ਅਕਤੂਬਰ 1972 ਨੂੰ ਰੀਗਲ ਸਿਨੇਮਾ ਦੇ ਮਾਲਕਾਂ ਵਿਚਕਾਰ ਟਿਕਟਾਂ ਦੀ ਬਲੈਕ ਦੇ ਮੁੱਦੇ ਕਾਰਨ ਲੜਾਈ ਝਗੜਾ ਸ਼ੁਰੂ ਹੋਇਆ। ਵਿੱਦਿਆਰਥੀਆਂ ਦੀ ਮੰਗ ਸੀ ਕਿ ਫਿਲਮਾਂ ਵੇਖਣ ਵਾਸਤੇ ਟਿਕਟਾਂ ਵਿਚ ਰਿਆਇਤ ਹੋਵੇ। ਵਿੱਦਿਆਰਥੀਆਂ ਲਈ ਟਿਕਟਾਂ ਲੈਣ ਲਈ ਵੱਖਰੀ ਖਿੜਕੀ ਹੋਵੇ ਅਤੇ ਸਿਨੇਮੇ ਦੀਆਂ ਟਿਕਟਾਂ ਦੀ ਬਲੈਕ ਰੋਕੀ ਜਾਵੇ। ਪ੍ਰਸ਼ਾਸਨਿਕ ਅਧਿਕਾਰੀ ਡਿਪਟੀ ਕਮਿਸ਼ਨਰ ਅਤੇ ਐਸ ਐਸ ਪੀ ਫਰੀਦਕੋਟ ਮੌਕੇ ਤੇ ਪਹੁੰਚ ਗਏ। ਅਚਾਨਕ ਇੱਕ ਘਟਨਾ ਘਟੀ ਹਰਜੀਤ ਸਿੰਘ ਤੇ ਸਵਰਨ ਸਿੰਘ ਵਾਲਾ ਕਾਫਲਾ ਕਿਵੇ ਨਾ ਕਿਵੇ ਡੀ ਸੀ ਚੀਮ`ਤੇ ਐਸ ਐਸ ਪੀ ਕੋਲ ਪਹੁੰਚ ਗਿਆ। ਚੀਮੇ ਨੇ ਹਰਜੀਤ ਤੇ ਹੋਰ ਅੰਦੋਲਨਕਾਰੀਆਂ ਪ੍ਰਤੀ ਅੱਪਸ਼ਬਦ ਕਹੇ ਜੋ ਅਣਖੀਲੇ ਪੰਜਾਬੀਆਂ ਤੋਂ ਬਰਦਾਸ਼ਿਤ ਨਹੀ ਹੋਏ। ਹਰਜੀਤ ਨੇ ਪੂਰੇ ਜ਼ੋਰ ਨਾਲ ਡੀ ਸੀ ਚੀਮੇ ਤੇ ਹਮਲਾ ਕਰ ਦਿੱਤਾ ਅਤੇ ਉਸਨੇ ਲੜਖੜਾ ਕੇ ਡਿਗਦਿਆਂ-ਡਿਗਦਿਆਂ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ। ਡਿਪਟੀ ਕਮਿਸ਼ਨਰ ਅਤੇ ਐਸ ਐਸ ਪੀ ਦੀ ਸੁਰੱਖਿਆਂ ਪੰਗਤੀ ਵਿਚੋ ਇੱਕ ਨੇ ਸਿੱਧੀ ਗੋਲੀ ਹਰਜੀਤ ਦੇ ਮਾਰੀ ਤੇ ਦੂਜੇ ਨੇ ਸਵਰਨ ਦੇ,ਪਲਾਂ-ਛਿਣਾਂ ਵਿਚ ਦੋਵੇ ਸੰਗਰਾਮੀ ਸਾਥੀ ਸ਼ਹੀਦ ਹੋ ਗਏ। ਗੋਲੀਆਂ ਇੰਜ ਚੱਲਣ ਲਗੀਆਂ ਜਿਵੇਂ ਮੀਂਹ ਵਰ੍ਹਦਾ ਹੋਵੇ। ਗੋਲੀਆਂ ਚੱਲਣ ਕਾਰਨ ਦੋ ਵਿੱਦਿਆਰੀਆਂ ਦੀ ਮੌਤ ਦੇ ਨਾਲ ਨਾਲ ਬਹੁਤ ਸਾਰੇ ਜੁਝਾਰੂ ਅਤੇ ਕਈ ਸ਼ਹਿਰੀ ਜ਼ਖਮੀ ਹੋ ਗਏ। ਗੰਭੀਰ ਜ਼ਖਮੀਆਂ ਨੂੰ ਪੱਲੇਦਾਰਾਂ ਦੀਆਂ ਰੇਹੜੀਆਂ ਤੇ ਲੱਦ-



ਲੱਦ ਕੇ ਸਰਕਾਰੀ ਹਸਪਤਾਲ ਪਹੁੰਚ-ਾਇਆ, ਹਸਪਤਾਲ ਜ਼ਖ਼ਮੀਆਂ ਨਾਲ ਭਰ ਗਿਆ। ਵਿੱਦਿਆਰਥੀਆਂ ਨੇ ਮੋਰਚਾ ਲਗਾ ਦਿੱਤਾ ਸਾੜ ਫੂਕ ਦੀਆਂ ਕਾਰਵਾਈਆਂ ਆਰੰਭ ਹੋ ਗਈਆਂ।

ਮੋਗਾ ਗੋਲੀ ਕਾਂਡ ਦੀ ਸੂਚਨਾ ਪੰਜਾਬ ਦੇ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਤੱਕ ਪੁੱਜ ਗਈ। ਕਿਹਾ ਜਾਂਦਾ ਹੈ ਕਿ ਉਸੇ ਦਿਨ ਦੇਰ ਸ਼ਾਮ ਮੁੱਖ ਮੰਤਰੀ ਬਿਨ੍ਹਾਂ ਕਿਸੇ ਲਾਮ ਲਸ਼ਕਰ ਡਰਾਈਵਰ ਤੇ ਬਾਡੀਗਾਰਡ ਨੂੰ ਨਾਲ ਲੈ ਕੇ ਮੋਗਾ ਵਿਖੇ ਮੌਕੇ ਤੇ ਜ਼ਾਇਜ਼ਾ ਲੈਣ ਲਈ ਖੁਦ ਪਹੁੰਚ ਗਏ। ਮੋਗਾ ਵਿਖੇ ਰੇਲਵੇ ਰੋੜ ਤੇ ਸਥਿਤ ਰੀਗਲ ਸਿਨੇਮਾ ਕੋਲ ਲੋਕਾਂ ਨਾਲ ਗੱਲ ਬਾਤ ਕਰਕੇ ਵਾਪਸ ਚਲੇ ਗਏ। ਲੋਕਾਂ ਤੋਂ ਮਿਲੀ ਰਿਪੋਰਟ ਮੁਤਾਬਿਕ ਗੋਲੀ ਚਲਣ ਦਾ ਕਾਰਨ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਅਣਗਹਿਲੀ ਸੀ। ਪੰਜਾਬ ਸਰਕਾਰ ਨੇ ਹਾਲਾਤਾਂ ਤੇ ਕਾਬੂ ਪਾਉਣ ਲਈ ਫਰੀਦਕੋਟ ਦੇ ਡਿਪਟੀ ਕਮਿਸ਼ਨਰ ਅਤੇ ਐਸ ਐਸ ਪੀ ਦਾ ਤਬਾਦਲਾ ਰਾਤੋ ਰਾਤ ਕਰ ਦਿੱਤਾ, ਨਵੇਂ ਅਧਿਕਾਰੀ ਤਾਇਨਾਤ ਕਰ ਦਿੱਤੇ। ਮੋਗਾ ਵਿਚ ਦਫਾ 144 ਲਗਾ ਦਿੱਤੀ ਗਈ ਸੀ। ਰੀਗਲ ਸਿਨੇਮਾ ਅਣਮਿੱਥੇ ਸਮੇ ਤੱਕ ਬੰਦ ਕਰ ਦਿੱਤਾ ਗਿਆ। ਫਰੀਦਕੋਟ ਵਿਖੇ ਪ੍ਰਸ਼ਾਂਸਨ ਨਾਲ ਵਿੱਦਿਆਰਥੀਆਂ ਦੇ ਆਗੂਆਂ ਦੀ ਗੱਲਬਾਤ ਚਲਦੀ ਰਹੀ, ਪਰ ਵਿੱਦਿਆਰਥੀ ਆਗੂ ਸਿਨੇਮਾ ਮੁੜ੍ਹ ਚਾਲੀ ਕਰਨ ਲਈ ਸਹਿਮਤ ਨਹੀ ਹੋਏ। ਰੀਗਲ ਸਿਨੇਮਾ ਘੱਟਨਾ ਕਾਂਡ ਦੀ ਅੱਗ ਪੂਰੇ ਪੰਜਾਬ ਵਿਚ ਫੈਲ ਗਈ ਉਧਰ ਨਕਸਲਵਾੜੀ ਲਹਿਰ ਜ਼ੋਰ ਫੜ੍ਹਦੀ ਜਾ ਰਹੀ ਸੀ। ਪੰਜਾਬ ਸਟੂਡੈਂਟ ਯੂਨੀਅਨ ਦੀ ਕਮਾਂਡ ਲਾਲ ਝੰਡੇ ਵਾਲਿਆਂ ਦੇ ਹੱਥਾਂ ਵਿਚ ਹੈ ਜੋ ਬੇਇਨਸਾਫੀ ਵਿਰੁਧ ਸੰਘਰਸ਼ ਕਰਨ ਲਈ ਹਮੇਸ਼ਾ ਤਿਆਰ ਰਹਿੰਦੇ ਹਨ। ਸਿਨੇਮਾ ਮਾਲਕਾਂ ਨੇ ਕਨੂੰਨ ਦਾ ਸਹਾਰਾ ਲੈਣ ਦੀ ਕੋਸ਼ਿਸ਼ ਕੀਤੀ ਪਰ ਸਫਲ ਨਹੀ ਹੋਏ। ਰੀਗਲ ਸਿਨੇਮਾ ਮਾਲਕਾਂ ਦੀ ਭਾਰਤ ਵਿਚ ਬਹੁਤ ਵੱਡੀ ਰੀਗਲ ਸਿਨੇਮਿਆਂ ਦੀ ਲਾਈਨ ਸੀ।

5 ਅਕਤੂਬਰ ਤੋਂ 7 ਅਕਤੂਬਰ 1972 ਨੂੰ ਵਾਪਰੇ ਮੋਗਾ ਰੀਗਲ ਸਿਨੇਮਾਂ ਕਾਂਡ ਨੂੰ 52 ਸਾਲ ਬੀਤ ਗਏ ਹਨ। ਰੀਗਲ ਸਿਨੇਮਾ ਬੰਦ ਹੋਗਿਆ ਦੁਬਾਰਾ ਨਹੀ ਚੱਲਿਆ। ਗਿਆਨੀ ਜ਼ੈਲ ਸਿੰਘ ਮੁੱਖ ਮੰਤਰੀ ਤੋਂ ਪਿਛੋਂ 30 ਅਪ੍ਰੈਲ 1977 ਤੋਂ 20 ਜੂਨ 1977 ਤੱਕ ਰਸ਼ਟਰਪਤੀ ਰਾਜ, 20 ਜੂਨ 1977 ਤੋਂ 17 ਫਰਵਰੀ 1980 ਤੱਕ ਸ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ, 17 ਫਰਵਰੀ 1980 ਤੋਂ 6 ਜੂਨ 1980 ਤੱਕ ਰਾਸ਼ਟਰਪਤੀ ਰਾਜ, 6 ਜੂਨ 1980 ਤੋਂ 6 ਅਕਤੂਬਰ 1983 ਤੱਕ ਸ ਦਰਬਾਰਾ ਸਿੰਘ ਮੁੱਖ ਮੰਤਰੀ, 6 ਅਕਤੂਬਰ 1980 ਤੋਂ 29 ਸਤੰਬਰ 1985 ਤੱਕ ਰਾਸ਼ਟਰਪਤੀ ਰਾਜ ਅਤੇ 29 ਸਤੰਬਰ 1985 ਤੋਂ 11 ਜੂਨ 1987 ਤੱਕ ਸ ਸੁਰਜੀਤ ਸਿੰਘ ਬਰਨਾਲਾ ਮੁੱਖ ਮੰਤਰੀ ਰਹੇ।

ਪੰਜਾਬ ਸਟੂਡੈਂਟ ਯੂਨੀਅਨ ਦੇ ਆਗੂਆਂ ਵਲੋਂ ਆਪਣਾ ਸੰਘਰਸ਼ ਜਾਰੀ ਰਿਹਾ। ਅਖੀਰ ਸ ਸੁਰਜੀਤ ਸਿੰਘ ਬਰਨਾਲਾ ਦੀ ਸਰਕਾਰ ਦੌਰਾਨ ਰੀਗਲ ਸਿਨੇਮਾ ਖ੍ਰੀਦਣ ਲਈ ਪੰਜਾਬ ਸਰਕਾਰ ਨੇ ਫੈਸਲਾ ਕਰ ਲਿਆ। ਮੋਗਾ ਵਿਖੇ 21 ਮਾਰਚ 1986 ਨੂੰ ਲੋਕ ਸੰਪਰਕ ਵਿਭਾਗ ਪੰਜਾਬ ਦੀ ਤਰਫੋਂ ਉਸ ਵੇਲੇ ਦੇ ਐਡੀਸ਼ਨਲ ਡਾਇਰੈਕਟਰ ਸ ਪਿਆਰਾ ਸਿੰਘ ਭੁਪਾਲ ਨੇ ਦਸਤਖਤ ਕਰਕੇ ਰੀਗਲ ਸਿਨੇਮਾ ਦੀ ਤਕਰੀਬਨ 50 ਮਰਲੇ ਜਾਇਦਾਦ ਪੰਜਾਬ ਸਰਕਾਰ ਸਰਕਾਰ ਦੇ ਨਾਮ ਤਬਦੀਲ ਕਰਵਾ ਸਰਕਾਰੀ ਅਧਿਕਾਰ ਹੇਠ ਲੈ ਆਂਦੀ ਅਤੇ ਮਾਲਕਾਂ ਨੂੰ 11 ਲੱਖ 70 ਹਜ਼ਾਰ ਰੁਪੈ ਦੀ ਅਦਾਇਗੀ ਕੀਤੀ ਗਈ। ਇਸ ਤੇ ਕਬਜਾ ਕਰਕੇ ਸਹਾਇਕ ਲੋਕ ਸੰਪਰਕ ਅਫਸਰ ਦਾ ਦਫਤਰ ਖੋਲ੍ਹ ਦਿੱਤਾ। ਇਸ ਵਿਚ ਸੂਚਨਾ ਕੇਂਦਰ ਚਾਲੂ ਕਰ ਦਿੱਤਾ ਜਿੱਥੇ ਲੋਕਾਂ ਨੂੰ ਅਖਬਾਰਾਂ ਪੜ੍ਹਨ ਲਈ ਮਿਲਣੀਆਂ ਸੁਰੂ ਹੋ ਗਈਆਂ। ਰੀਗਲ ਸਿਨੇਮੇ ਦਾ ਨਾਮ ਯਾਦਗਾਰੀ ਲਾਇਬਰੇਰੀ ਰੱਖ ਦਿੱਤਾ ਗਿਆ। ਸਿਨੇਮੇ ਦਾ ਹਾਲ ਨੂੰ ਪ੍ਰਾਈਵੇਟ ਸਮਾਗਮਾਂ, ਸਰਕਾਰੀ ਸਮਾਗਮਾਂ, ਸਭਿਆਚਾਰਕ ਪ੍ਰੋਗਰਾਮਾਂ,ਡਰਾਮਿਆਂ ਆਦਿ ਲਈ ਵਰਤਣਾ ਅਰੰਭ ਕਰ ਦਿੱਤਾ। ਇਸ ਇਮਾਰਤ ਨੂੰ ਸਾਂਭ ਸੰਭਾਲ ਲਈ ਡਿਪਟੀ ਕਮਿਸ਼ਨਰ ਫਰੀਦਕੋਟ ਵਲੋਂ ਐਸ ਡੀ ਐਮ ਮੋਗਾ ਦੀ ਪ੍ਰਧਾਨਗੀ ਹੇਠ ਕਮੇਟੀ ਬਣਾਈ ਗਈ ਸੀ ਜਿਸ ਵਿੱਦਿਆਰਥੀਆਂ ਦੇ ਨੁਮਾਇੰਦੇ ਮੌਜਦਾ ਸਰਕਾਰ ਦੇ ਐਨ ਆਰ ਆਈ ਮੰਤਰੀ ਸ ਕੁਲਦੀਪ ਸਿੰਘ ਧਾਲੀਵਾਲ ਅਤੇ ਜਗਰਾਓ ਤੋਂ ਸੀ ਕੰਵਲਜੀਤ ਖੰਨਾ ਮੈਬਰ ਸਨ।

ਸ ਸੁਰਜੀਤ ਸਿੰਘ ਬਰਨਾਲਾ ਦੀ ਸਰਕਾਰ ਤੋਂ ਪਿਛੋ 11 ਜੂਨ 1987 ਤੋਂ 25 ਫਰਵਰੀ 1992 ਤੱਕ ਰਾਸ਼ਟਰਪਤੀ ਰਾਜ, 25 ਫਰਵਰੀ 1992 ਤੋਂ 31 ਅਗਸਤ 1995 ਤੱਕ ਸ ਬੇਅੰਤ ਸਿੰਘ ਮੁੱਖ ਮੰਤਰੀ, 31 ਅਗਸਤ 1995 ਤੋਂ 21 ਨਵੰਬਰ 1996 ਤੱਕ ਸ ਹਰਚਰਨ ਸਿੰਘ ਬਰਾੜ ਮੁੱਖ ਮੰਤਰੀ ਰਹੇ।

ਸ ਹਰਚਰਨ ਸਿੰਘ ਬਰਾੜ ਨੇ ਆਪਣੇ ਥੋੜ੍ਹੇ ਜਿਹੇ ਕਾਰਜ਼ਕਾਲ ਦੌਰਾਨ ਦੋ ਨਵੇਂ ਜ਼ਿਲ੍ਹੇ ਮੁਕਤਸਰ ਤੇ ਮੋਗਾ ਬਣਾਏ। 24 ਨਵੰਬਰ 1995 ਨੂੰ ਮੋਗਾ ਨਵਾਂ ਜ਼ਿਲ੍ਹਾ ਬਣਨ ਨਾਲ ਜ਼ਿਲ੍ਹਾ ਲੋਕ ਸੰਪਰਕ ਅਫਸਰ ਦਾ ਦਫ਼ਤਰ ਇਸ ਇਮਾਰਤ ਵਿਚ ਖੋਲ੍ਹਿਆਂ ਗਿਆ। ਮੋਗਾ ਵਿਖੇ ਨਵਾਂ ਸਕੱਤਰੇਤ ਬਣਨ ਨਾਲ ਜ਼ਿਲ੍ਹਾ ਲੋਕ ਸੰਪਰਕ ਅਫਸਰ ਦਾ ਦਫ਼ਤਰ ਇਥੋ ਤਬਦੀਲ ਕਰ ਦਿੱਤਾ ਗਿਆ। ਸ ਹਰਚਰਨ ਸਿੰਘ ਬਰਾੜ ਤੋਂ ਪਿਛੋਂ 21 ਨਵੰਬਰ 1996 ਤੋਂ 11 ਫਰਵਰੀ 1997 ਤੱਕ ਬੀਬੀ ਰਾਜਿੰਦਰ ਕੌਰ ਭੱਠਲ, 12 ਫਰਵਰੀ 1997 ਤੋਂ 26 ਫਰਵਰੀ 2002 ਸ ਪ੍ਰਕਾਸ਼ ਸਿੰਘ ਬਾਦਲ, 26 ਫਰਵਰੀ 2002 ਤੋਂ 1 ਮਾਰਚ 2007 ਤੱਕ ਕੈਪਟਨ ਅਮਰਿੰਦਰ ਸਿੰਘ, 1 ਮਾਰਚ 2007 ਤੋਂ 16 ਮਾਰਚ 2017 ਤੱਕ ਸ ਪ੍ਰਕਾਸ਼ ਸਿੰਘ ਬਾਦਲ, 16 ਮਾਰਚ 2017 ਤੋਂ 18 ਸਤੰਬਰ 2021 ਤੱਕ ਕੈਪਟਨ ਅਮਰਿੰਦਰ ਸਿੰਘ, 18 ਸਤੰਬਰ 2021 ਤੋਂ 16 ਮਾਰਚ 2022 ਤੱਕ ਸ ਚਰਨਜੀਤ ਸਿੰਘ ਚੰਨੀ ਮੁੱਖ ਮੰਤਰੀ ਰਹੇ ਹਨ। ਹੁਣ 16 ਮਾਰਚ 2022 ਤੋਂ ਪੰਜਾਬ ਦੀ ਵਾਗਡੋਰ ਸ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੇ ਹੱਥਾਂ ਵਿਚ ਹੈ ਜਿਨ੍ਹਾਂ ਨੂੰ ਤਕਰੀਬਨ ਢਾਈ ਸਾਲ ਹੋ ਗਏ ਹਨ।

ਪੰਜਾਬ ਸਰਕਾਰ ਵਲੋਂ ਰੀਗਲ ਸਿਨੇਮੇ ਦੀ ਇਮਾਰਤ ਦੇ ਰੱਖ ਰਖਾਵ ਲਈ ਫੰਡਜ਼ ਅਲਾਟ ਨਹੀ ਹੋਏ। ਇਹ ਇਮ-ਾਰਤ ਖਸਤਾ ਹਾਲਤ ਵਿਚ ਹੈ। ਇਸ ਇਮਾਰਤ ਦੀ ਵਰਤੋਂ ਵੀ ਨਹੀ ਹੋ ਰਹੀ। ਪੰਜਾਬ ਸਰਕਾਰ ਦੇ ਅਧੀਨ ਆਈ ਇਸ ਇਮਾਰਤ ਨੂੰ 38 ਸਾਲ ਹੋ ਗਏ ਹਨ ਪਰ ਇਸ ਵਲ ਕਿਸੇ ਨੇ ਧਿਆਨ ਨਹੀ ਦਿੱਤਾ। ਸ਼ਹਿਰ ਵਿਚ ਰੇਲਵੇ ਰੋੜ੍ਹ ਤੇ ਬਹੁਤ ਹੀ ਢੁਕਵੀ ਕਰੋੜਾਂ ਰੁਪੈ ਦੀ ਜਗ੍ਹਾ ਹੋਣ ਕਰਕੇ ਸਿਆਸੀ ਵਿਅਕਤੀਆ ਦੀ ਸਹਿ ਤੇ ਭੂਮੀ ਮਾਫੀਆ ਅਨਸਰ,ਕਈ ਸੰਸਥਾਵਾਂ ਕਬਜ਼ਾ ਕਰਨ ਦੀ ਤਾਕ ਵਿੱਚ ਹਨ। ਰੀਗਲ ਸਿਨੇਮੇ ਦੀ ਇਮਾਰਤ ਖੰਡਰ ਬਣ ਚੁੱਕੀ ਹੈ ਕਿਸੇ ਸਮੇ ਹਾਦਸਾ ਵਾਪਰ ਸਕਦਾ। ਪੰਜਾਬ ਸਰਕਾਰ ਇਸ ਜੰਗਲ ਬਣ ਚੁੱਕੀ ਸਰਕਾਰੀ ਇਮਾਰਤ ਦੀ ਸੰਭਾਲ ਕਰੇ। ਇਸ ਇਮਾਰਤ ਨੂੰ ਬਹੁਮੰਤਵੀ ਪ੍ਰੋਜੈਕਟ ਬਣਾ ਕੇ ਸਾਂਭ ਸਭਾਲ ਕੀਤੀ ਜਾਣੀ ਚਾਹੀਦੀ ਹੈ। ਪੰਜਾਬ ਸਟੂਡੈਂਟ ਯੂਨੀਅਨ 5 ਅਕਤੂਬਰ ਨੂੰ ਮਨਾ ਰਹੀ ਸ਼ਹੀਦ ਵਿੱਦਿਆਰਥੀਆਂ ਦੀ ਯਾਦ ਅਤੇ ਮੰਗ ਕਰ ਰਹੀ ਹੈ ਕਿ ਇਸ ਇਮਾਰਤ ਨੂੰ ਯਾਦਗਾਰ ਵਜੋਂ ਵਿਕਸਤ ਕਰਕੇ ਸੰਭਾਲ ਕੀਤੀ ਜਾਵੇ।

# ਖੇਤੀਬਾੜੀ ਪੇਂਡੂ ਭਾਰਤ ਦਾ ਚਿਹਰਾ ਬਦਲ ਰਹੀ ਹੈ

-ਵਿਜੈ ਗਰਗ-

ਤੀਜੇ ਕਾਰਜਕਾਲ 'ਚ ਮੋਦੀ ਸਰਕਾਰ ਦੀ ਸਥਿਰਤਾ 'ਤੇ ਸ਼ੱਕ ਕਰਨ ਵਾਲਿਆਂ ਨੂੰ ਨਿਰਾਸ਼ਾ ਹੋਈ ਹੈ। ਪਹਿਲੇ ਸੌ ਦਿਨਾਂ ਵਿੱਚ ਹੀ ਸਰਕਾਰ ਨੇ 15 ਲੱਖ ਕਰੋੜ ਰੁਪਏ ਤੋਂ ਵੱਧ ਦੀਆਂ ਸਕੀਮਾਂ ਨੂੰ ਮਨਜ਼ੂਰੀ ਦਿੱਤੀ। ਸਰਕਾਰ ਦਾ ਸਾਰਾ ਜ਼ੋਰ ਸਰਕਾਰੀ ਕੰਮਕਾਜ ਦੇ ਤਰੀਕੇ ਵਿੱਚ ਵੱਡੇ ਸੁਧਾਰਾਂ ਅਤੇ ਚੰਗੇ ਪ੍ਰਸ਼ਾਸਨ ਨੂੰ ਹੇਠਲੇ ਪੱਧਰ ਤੱਕ ਲੈ ਜਾਣ 'ਤੇ ਹੈ। ਇਸ ਦੇ ਲਈ ਜ਼ਮੀਨੀ ਰਿਕਾਰਡ ਅਤੇ ਸਰਕਾਰੀ ਕੰਮਾਂ ਦੇ ਡਿਜੀਟਾਈਜ਼ੇਸ਼ਨ 'ਤੇ ਧਿਆਨ ਦਿੱਤਾ ਜਾ ਰਿਹਾ ਹੈ, ਤਾਂ ਜੋ ਯੋਜਨਾਵਾਂ ਦਾ ਲਾਭ ਆਮ ਆਦਮੀ ਤੱਕ ਪਹੁੰਚ ਸਕੇ। ਇਸ ਲਈ ਸਰਕਾਰੀ ਸਕੀਮਾਂ ਦੀ ਰੂਪਰੇਖਾ ਤੈਅ ਕਰਨਾ ਜ਼ਰੂਰੀ ਹੈ ਅਤੇਲਾਗੂ ਕਰਨ ਦੀ ਪ੍ਰਕਿਰਿਆ ਨੂੰ ਡਿਜੀਟਲ ਕਰਨ ਦੇ ਨਾਲ-ਨਾਲ ਇਸ ਦੀ ਨਿਗਰਾਨੀ ਅਤੇ ਨੌਕਰਸ਼ਾਹੀ ਦੀ ਜਵਾਬਦੇਹੀ ਲਈ ਨਵੇਂ ਮਾਪਦੰਡ ਤੈਅ ਕੀਤੇ ਗਏ ਹਨ। ਸਰਕਾਰ ਦੇ ਤੀਜੇ ਕਾਰ-ਜਕਾਲ ਦੀਆਂ ਪ੍ਰਾਪਤੀਆਂ ਜੋ ਅੱਜ ਨਜ਼ਰ ਆ ਰਹੀਆਂ ਹਨ, ਉਹ ਲੋਕ ਸਭਾ ਚੋਣਾਂ ਦਾ ਐਲਾਨ ਹੋਣ ਤੋਂ ਪਹਿਲਾਂ ਹੀ ਸ਼ੁਰੂ ਹੋ ਗਈਆਂ ਸਨ। ਇਸ ਸਾਲ ਫਰਵਰੀ ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਮੰਤਰੀਆਂ ਨੂੰ ਅਗਲੇ ਪੰਜ ਸਾਲਾਂ ਲਈ ਰੋਡਮੈਪ ਅਤੇ 100 ਦਿਨਾਂ ਦੀ ਕਾਰਜ ਯੋਜਨਾ ਬਣਾਉਣ ਲਈ ਕਿਹਾ ਸੀ। ਕਾਰਜ ਯੋਜਨਾ ਨੂੰ ਲਾਗੂ ਕਰਨ ਲਈ ਸਕੱਤਰਾਂ ਦੀਆਂ ਦਸ ਕਮੇਟੀਆਂ ਬਣਾਈਆਂ ਗਈਆਂ ਸਨ। ਸਾਰੇ ਮੰਤਰਾਲਿਆਂ ਤੋਂ ਰਿਪੋਰਟ ਮੰਗੀ ਗਈ ਸੀ। ਰਾਜ ਸਰਕਾਰਾਂ ਨਾਲ ਵੀ ਸਲਾਹ ਕੀਤੀਦਾ ਹੱਲ ਕੱਢ ਲਿਆ ਗਿਆ। ਵਪਾਰੀਆਂ, ਸਿਵਲ ਸੁਸਾਇਟੀ ਅਤੇ ਨੌਜਵਾਨਾਂ ਤੋਂ ਵੀ ਸੁਝਾਅ ਮੰਗੇ ਗਏ। ਇਸ ਲਈ ਦੋ ਹਜ਼ਾਰ ਤੋਂ ਵੱਧ ਮੀਟਿੰਗਾਂ ਹੋਈਆਂ। ਇਨ੍ਹਾਂ ਸਾਰਿਆਂ ਦੇ ਸਿੱਟਿਆਂ ਨੇ ਕਾਰਜ ਯੋਜਨਾ ਦਾ ਰੂਪ-ਰੇਖਾ ਤਿਆਰ ਕੀਤਾ। ਸਰਕਾਰ ਖੇਤੀਬਾੜੀ ਖੇਤਰ ਵਿੱਚ ਉੱਦਮਸ਼ੀਲਤਾ ਨੂੰ ਉਤਸ਼ਾਹਿਤ ਕਰ ਰਹੀ ਹੈ, ਤਾਂ ਜੋ ਪੇਂਡੂ ਖੇਤਰਾਂ ਵਿੱਚ ਖੇਤੀ ਆਧਾਰਿਤ ਉਦਯੋਗਾਂ ਦਾ ਵਿਕਾਸ ਹੋ ਸਕੇ। ਇਸ ਨੂੰ ਧਿਆਨ ਵਿੱਚ ਰੱਖਦੇ ਹੋਏ, ਖੇਤੀਬਾੜੀ ਬੁਨਿਆਦੀ ਢਾਂਚਾ ਫੰਡ ਦਾ ਵਿਸਤਾਰ ਕੀਤਾ ਗਿਆ ਹੈ। ਹਾਲ ਹੀ ਵਿੱਚ ਇਸ ਤਹਿਤ ਸੱਤ ਸਕੀਮਾਂ ਲਈ 14,200 ਕਰੋੜ ਰੁਪਏ ਜਾਰੀ ਕੀਤੇ ਗਏ ਸਨ। ਇਸ 'ਚ ਡਿਜੀਟਲ ਐਗਰੀਕਲਚਰ ਮਿਸ਼ਨ ਲਈ 2,817 ਕਰੋੜ ਰੁਪਏ, ਫਸਲ ਵਿ-ਗਆਨ 'ਤੇ 3,979 ਕਰੋੜ ਰੁਪਏ ਸ਼ਾਮਲ ਹਨ। ਮੁੱਖ ਤੌਰ 'ਤੇ ਖੇਤੀਬਾੜੀ ਸਿੱਖਿਆ ਅਤੇ ਪ੍ਰਬੰਧਨ ਵਿੱਚ ਸੁਧਾਰ ਲਈ 2,291 ਕਰੋੜ ਰੁਪਏ ਅਤੇ ਪਸ਼ੂਆਂ ਦੀ ਸਿਹਤ ਲਈ 1,702 ਕਰੋੜ ਰੁਪਏ ਹਨ। ਸਰਕਾਰ ਖੇਤੀ ਸੈਕਟਰ ਨੂੰ ਡਿਜੀਟਲ ਕਰਨ ਲਈ ਵੀ ਯਤਨ ਕਰ ਰਹੀ ਹੈ। ਇਸ ਦੇ ਲਈ ਅਕਤੂਬਰ ਦੇ ਪਹਿਲੇ ਹਫਤੇ ਦੇਸ਼ ਭਰ ਦੇ ਕਿਸਾਨਾਂ ਦੀ ਰਜਿਸਟ੍ਰੇਸ਼ਨ ਸ਼ੁਰੂ ਹੋ ਜਾਵੇਗੀ। ਕਿਸਾਨਾਂ ਨੂੰ ਆਧਾਰ ਕਾਰਡ ਵਰਗਾ ਵਿਸ਼ੇਸ਼ ਪਛਾਣ ਪੱਤਰ ਦਿੱਤਾ ਜਾਵੇਗਾ, ਜਿਸ ਦੀ ਮਦਦ ਨਾਲ ਉਹ ਘੱਟੋ-ਘੱਟ ਸਮਰਥਨ ਮੁੱਲ ਤੋਂ ਲੈ ਕੇ ਕਿਸਾਨ ਕ੍ਰੈਡਿਟ ਕਾਰਡ ਤੱਕ ਦੇ ਪ੍ਰੋਗਰਾਮਾਂ ਅਤੇ ਸਕੀਮਾਂ ਤੱਕ ਪਹੁੰਚ ਕਰ ਸਕਣਗੇ। ਕਾਰਡ ਹੋਣ ਨਾਲ ਸਰਕਾਰ ਨੂੰ ਯੋਜਨਾਵਾਂ ਬਣਾਉਣ, ਉਨ੍ਹਾਂ ਨੂੰ ਲਾਗੂ ਕਰਨ ਅਤੇ ਵਿਸਤਾਰ 'ਚ ਵੀ ਮਦਦ ਮਿਲੇਗੀ। ਰੁਪਏ 'ਚ ਮਦਦ ਮਿਲੇਗੀ। ਸਰਕਾਰ ਨੇ ਅਗਲੇ ਸਾਲ ਮਾਰਚ ਤੱਕ ਪੰਜ ਕਰੋੜ ਕਿਸਾਨਾਂ ਨੂੰ ਰਜਿਸਟਰ ਕਰਨ ਦਾ ਟੀਚਾ ਰੱਖਿਆ ਹੈ। ਪਹਿਲੇ ਸੌ ਦਿਨਾਂ ਵਿੱਚ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਦੀ 17ਵੀਂ ਕਿਸ਼ਤ ਜਾਰੀ ਕੀਤੀ ਗਈ। ਇਸ ਤਹਿਤ 9.3 ਕਰੋੜ ਕਿਸਾਨਾਂ ਨੂੰ ਸਿੱਧੇ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਭੁਗਤਾਨ ਕੀਤਾ ਗਿਆ। ਸਾਰੀਆਂ ਫ਼ਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਵਿੱਚ 100 ਤੋਂ 550 ਰੁਪਏ ਦਾ ਵਾਧਾ ਕੀਤਾ ਗਿਆ ਹੈ। ਸਰਕਾਰ ਨੇ ਪਿਆਜ਼ ਅਤੇ ਬਾਸਮਤੀ ਚੌਲਾਂ 'ਤੇ ਘੱਟੋ-ਘੱਟ ਨਿਰਯਾਤ ਮੁੱਲ ਨੂੰ ਹਟਾ ਦਿੱਤਾ, ਜਦਕਿ ਰਿਫਾਇੰਡ ਤੇਲ 'ਤੇ ਦਰਾਮਦ ਡਿਊਟੀ ਵਧਾ ਦਿੱਤੀ, ਤਾਂ ਜੋ ਘਰੇਲੂ ਤੇਲ ਬੀਜਾਂ ਦੀਆਂ ਕੀਮਤਾਂ ਵਧੀਆ ਮਿਲ ਸਕਣ। ਸਾਲ 2014 ਵਿੱਚ ਪਾਵਰਸੱਤਾ 'ਚ ਆਉਣ ਤੋਂ ਬਾਅਦ ਮੋਦੀ ਸਰਕਾਰ ਨੇ ਦਾਲਾਂ, ਤੇਲ ਬੀਜ ਫਸਲਾਂ ਅਤੇ ਮੋਟੇ ਅਨਾਜਾਂ ਦੇ ਸਮਰਥਨ ਮੁੱਲ 'ਚ ਕਾਫੀ ਵਾਧਾ ਕੀਤਾ ਹੈ। ਇਸ ਦੇ ਬਾਵਜੂਦ ਦਾਲਾਂ, ਤੇਲ ਬੀਜਾਂ ਅਤੇ ਮੋਟੇ ਅਨਾਜਾਂ ਦੀ ਸਰਕਾਰੀ ਖਰੀਦ ਵਿੱਚ ਕੋਈ ਉਮੀਦ ਅਨੁਸਾਰ ਸੁਧਾਰ ਨਹੀਂ ਹੋਇਆ। ਇਸ ਦਾ ਕਾਰਨ ਇਹ ਹੈ ਕਿ ਦੇਸ਼ ਵਿੱਚ ਸਰਕਾਰੀ ਖਰੀਦ, ਭੰਡਾਰਨ ਅਤੇ ਮੰਡੀਕਰਨ ਢਾਂਚਾ ਕਣਕ-ਝੋਨੇ ਵਰਗੀਆਂ ਚੋਣਵੀਆਂ ਫਸਲਾਂ ਅਤੇ ਖੇਤਰਾਂ ਤੱਕ ਸੀਮਤ ਹੈ। ਹੁਣ ਸਰਕਾਰ ਸਮਰਥਨ ਮੁੱਲ 'ਤੇ ਦਾਲਾਂ, ਤੇਲ ਬੀਜਾਂ ਅਤੇ ਮੋਟੇ ਅਨਾਜਾਂ ਦੀ ਸਰਕਾਰੀ ਖਰੀਦ, ਸਟੋਰੇਜ ਅਤੇ ਮੰਡੀਕਰਨ ਦਾ ਦੇਸ਼ ਵਿਆਪੀ ਨੈੱਟਵਰਕ ਬਣਾ ਰਹੀ ਹੈ। ਇਸ ਨਾਲ ਨਾ ਸਿਰਫ਼ ਭੋਜਨ ਸੁਰੱਖਿਆ ਯਕੀਨੀ ਹੋਵੇਗੀ, ਸਗੋਂ ਹੋਵੇਗੀਇਸ ਨਾਲ ਕੇਂਦਰੀ ਸਟੋਰੇਜ 'ਤੇ ਹੋਣ ਵਾਲੇ ਖਰਚੇ ਨੂੰ ਵੀ ਘਟਾਇਆ ਜਾਵੇਗਾ। ਇਸ ਦੇ ਲਈ ਸਹਿਕਾਰੀ ਖੇਤਰ ਵਿੱਚ ਵਿਸ਼ਵ ਦੀ ਸਭ ਤੋਂ ਵੱਡੀ ਵੇਅਰਹਾਊਸਿੰਗ ਸਕੀਮ ਸ਼ੁਰੂ ਕੀਤੀ ਗਈ ਹੈ, ਜਿਸ ਤਹਿਤ ਪ੍ਰਾਇਮਰੀ ਐਗਰੀਕਲਚਰਲ ਕੋਆਪ੍ਰੇਟਿਵ ਸੋਸਾਇਟੀਆਂ () ਦੇ ਪੱਧਰ 'ਤੇ ਗੁਦਾਮ ਬਣਾਏ ਜਾ ਰਹੇ ਹਨ। ਇਨ੍ਹਾਂ ਗੁਦਾਮਾਂ ਵਿੱਚ ਸਥਾਨਕ ਉਤਪਾਦਾਂ ਨੂੰ ਸਟੋਰ ਕੀਤਾ ਜਾਵੇਗਾ ਅਤੇ ਜਨਤਕ ਵੰਡ ਪ੍ਰਣਾਲੀ ਅਧੀਨ ਵੰਡਿਆ ਜਾਵੇਗਾ। ਇਸ ਤਰ੍ਹਾਂ ਖੇਤੀ ਤੋਂ ਲੈ ਕੇ ਪਲੇਟ ਤੱਕ ਵਿਭਿੰਨਤਾ ਹੋਵੇਗੀ। ਸਰਕਾਰ ਨਵੀਂ ਰਾਸ਼ਟਰੀ ਸਹਿਕਾਰੀ ਨੀਤੀ ਨੂੰ ਵੀ ਅੰਤਿਮ ਰੂਪ ਦੇ ਰਹੀ ਹੈ। ਇਸ ਦੇ ਲਈ ਸਾਬਕਾ ਕੇਂਦਰੀ ਮੰਤਰੀ ਸੁਰੇਸ਼ ਪ੍ਰਭੂ ਦੀ ਅਗਵਾਈ ਵਾਲੀ 48 ਮੈਂਬਰੀ ਕਮੇਟੀ ਸੀਕਮੇਟੀ ਦਾ ਗਠਨ ਕੀਤਾ ਗਿਆ। ਸਰਕਾਰ ਦਾ ਟੀਚਾ ਅਗਲੇ ਪੰਜ ਸਾਲਾਂ ਵਿੱਚ ਤਿੰਨ ਲੱਖ ਪੀਏਸੀਐਸ ਬਣਾਉਣ ਦਾ ਹੈ, ਜੋ ਮੌਜੂਦਾ ਸਮੇਂ ਵਿੱਚ 65,000 ਹੈ। ਉੱਤਰ ਪ੍ਰਦੇਸ਼ ਸਰਕਾਰ ਨੇ ਇਸ ਦਿਸ਼ਾ ਵਿੱਚ ਇੱਕ ਵਿਲੱਖਣ ਪਹਿਲ ਕੀਤੀ ਹੈ। ਸੂਬਾ ਸਰਕਾਰ 1 ਅਕਤੂਬਰ ਤੋਂ 31 ਦਸੰਬਰ ਤੱਕ ਮੱਕੀ, ਜਵਾਰ ਅਤੇ ਬਾਜਰੇ ਦੀ ਖਰੀਦ ਕਰੇਗੀ। ਇਸ ਲਈ ਕਿਸਾਨਾਂ ਦੀ ਰਜਿਸਟ੍ਰੇਸ਼ਨ ਸ਼ੁਰੂ ਹੋ ਗਈ ਹੈ। ਉਪਜ ਦੀ ਵਿਕਰੀ ਲਈ ਅਦਾਇਗੀ ਕਿਸਾਨਾਂ ਦੇ ਬੈਂਕ ਖਾਤੇ ਵਿੱਚ ਸਿੱਧੀ ਕੀਤੀ ਜਾਵੇਗੀ। ਉੱਤਰ ਪ੍ਰਦੇਸ਼ ਸਰਕਾਰ ਦਾ ਇਹ ਉਪਰਾਲਾ ਪੂਰੇ ਦੇਸ਼ ਲਈ ਮਿਸਾਲ ਬਣੇਗਾ। ਇਸ ਨਾਲ ਮੋਟੇ ਅਨਾਜ ਅਤੇ ਦਾਲਾਂ ਅਤੇ ਤੇਲ ਬੀਜਾਂ ਦੀਆਂ ਫ਼ਸਲਾਂ ਵਿੱਚ ਕਣਕ-ਝੋਨੇ ਦੀ ਸਫ਼ਲਤਾ ਦੁਹਰਾਈ ਜਾਵੇਗੀ। -ਚੋਣਵੀਆਂ ਫਸਲਾਂ ਦੀ ਕਾਸ਼ਤ ਤੋਂ ਅੱਗੇ ਵਧਦੇ ਹੋਏ, ਸਰਕਾਰ ਵਿਭਿੰਨ ਫਸਲਾਂ ਦੀ ਕਾਸ਼ਤ ਅਤੇ ਉਨ੍ਹਾਂ 'ਤੇ ਅਧਾਰਤ ਉਦਯੋਗਾਂ ਦੇ ਵਿਕਾਸ 'ਤੇ ਧਿਆਨ ਕੇਂਦਰਿਤ ਕਰ ਰਹੀ ਹੈ। ਇਸ ਨੂੰ ਧਿਆਨ ਵਿੱਚ ਰੱਖਦੇ ਹੋਏ ਬਾਗਬਾਨੀ ਖੇਤਰ ਦੇ ਵਿਕਾਸ ਲਈ 860 ਕਰੋੜ ਰੁਪਏ ਦੀ ਯੋਜਨਾ ਨੂੰ ਮਨਜ਼ੂਰੀ ਦਿੱਤੀ ਗਈ ਹੈ। ਮਛੇਰਿਆਂ ਦੀ ਭਲਾਈ ਲਈ ਸਹਿਕਾਰੀ ਸੰਸਥਾਵਾਂ ਨੂੰ ਵੀ ਮਜ਼ਬੂਤ ਕੀਤਾ ਜਾ ਰਿਹਾ ਹੈ। ਅੱਜ ਭਾਰਤ ਦੁਨੀਆ ਦਾ ਦੂਜਾ ਸਭ ਤੋਂ ਵੱਡਾ ਮੱਛੀ ਉਤਪਾਦਕ ਦੇਸ਼ ਬਣ ਗਿਆ ਹੈ। ਜਿੱਥੇ 2014 ਵਿੱਚ ਦੇਸ਼ ਵਿੱਚ ਹਰ ਸਾਲ 80 ਲੱਖ ਟਨ ਮੱਛੀ ਪੈਦਾ ਹੁੰਦੀ ਸੀ, ਅੱਜ ਭਾਰਤ ਹਰ ਸਾਲ 170 ਲੱਖ ਟਨ ਮੱਛੀ ਪੈਦਾ ਕਰ ਰਿਹਾ ਹੈ। ਇਸੇ ਤਰ੍ਹਾਂ ਪਸ਼ੂ ਪਾਲਣ ਅਤੇ ਦੁੱਧ ਉਤਪਾਦਨਸਰਕਾਰ ਰਾਸ਼ਟਰੀ ਡੇਅਰੀ ਵਿਕਾਸ ਪ੍ਰੋਗਰਾਮ ਵੀ ਚਲਾ ਰਹੀ ਹੈ। ਇਸ ਤਰ੍ਹਾਂ, ਪੇਂਡੂ ਆਰਥਿਕਤਾ ਦੇ ਵਿਭਿੰਨਤਾ ਰਾਹੀਂ ਹੀ, ਛੋਟੀਆਂ ਜ਼ਮੀਨਾਂ ਜੋ ਲਗਾਤਾਰ ਘਾਟੇ ਵਿਚ ਹਨ, ਨੂੰ ਲਾਭਦਾਇਕ ਬਣਾਇਆ ਜਾ ਸਕਦਾ ਹੈ।

ਵਿਜੈ ਗਰਗ ਰਿਟਾਇਰਡ ਪ੍ਰਿੰਸੀਪਲ ਐਜੁਕੇਸ਼ਨਲ ਕਾਲਮਨਿਸਟ ਸਟਰੀਟ ਕੌਰ ਚੰਦ ਐਮ.ਐਚ.ਆਰ ਮਲੋਟ ਪੰਜਾਬ

CAPITAL SERVICES
INSURANCE VEHICLE REG. IMMIGRATION NOTARY PUBLIC LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO • HOME • TRUCK • BUSINESS • LIFE • MEDICAL

ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.

Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779

Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947

Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

CAPITAL DRUG TESTING
Drug and Alcohol Test
Capital DRUG TESTING
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse, DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

TechSpirit
Consultation, Installation & Servicing
Specialized in:
• Analog & IP security cameras • Installation & Maintenance, Upgrade • Video Doorbell Installation
Call: 905-621-4100
7-8770 The Gore Road, Brampton, ON L6P 0B1
1080p HD ਦੇ 4 ਸਿਕਊਰਟੀ ਕੈਮਰੇ ਸਿਰਫ $999 ਵਿੱਚ ਲਗਵਾਓ

# ਲੇਖਿਕਾ/ਗਾਇਕਾ ਦੋਹਾਂ ਖੇਤਰਾਂ ਵਿੱਚ ਨਿਵੇਕਲੀ ਪਹਿਚਾਣ ਬਣਾ ਚੁੱਕੀ-ਰਣਜੀਤ ਕੌਰ ਟੋਰਾਂਟੋ

ਗਿਆਨ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਫਸਰ
ਨਿਊ ਦਸ਼ਮੇਸ ਨਗਰ ਮੋਗਾ
ਮੋਬਾਇਲ +919815784100

ਜੀਵਨ ਦੇ ਪੱਥ ਵਿਚ ਆਈਆਂ ਮੁਸ਼ਕਿਲਾਂ ਨੂੰ ਪਾਰ ਕਰਦੀ ਬੇਖੌਫ ਅੱਗੇ ਵੱਧ ਰਹੀ ਹੈ ਪੰਜਾਬ ਦੇ ਜ਼ਲਿ੍ਹਾ ਜਲੰਧਰ ਪਿੰਡ ਤਲਵੰਡੀ ਸਲੇਮ ਦੀ ਜੰਮ-ਪਲ, ਲੇਖਿਕਾ, ਕਵਿਤਰੀ/ਗਾਇਕਾ ਰਣਜੀਤ ਕੌਰ ਟਰੰਟੋ 2017 ਵਿਚ ਕੈਨੇਡਾ ਦੇ ਸ਼ਹਿਰ ਟਰੰਟੋ ਵਿੱਚ ਪੱਕੇ ਤੌਰ ਰਹਿਣ ਦਾ ਫੈਸਲਾ ਕਰ ਆਉਦੀ ਹੈ ।ਕੈਨੇਡਾ ਆ ਕੇ ਰਣਜੀਤ ਨੂੰ ਜਦੋਂ ਟਿਫਨ ਸਰਵਿਸ ਵਾਲਿਆਂ ਨਾਲ ਕੁੱਝ ਮਹੀਨੇ ਕੰਮ ਕਰਨਾ ਪਿਆ ਤਾਂ ਉਸਨੂੰ ਜਿੰਦਗੀ ਨਰਕ ਨਾਲੋ ਵੀ ਬੁਰੀ ਜਾਪੀ । ਕਿਉਕਿ ਪੰਜਾਬ ਵਿਚ ਰਣਜੀਤ ਕੌਰ ਦੇ ਘਰ ਚਾਰ ਚਾਰ ਪੱਕੇ ਨੌਕਰ ਬੀਬੀ ਜੀ ਬੀਬੀ ਜੀ ਕਰਦੇ ਰਹਿੰਦੇ ਸਨ।ਪਰ ਹੁਣ ਉਸ ਨੂੰ ਅਜਿਹੇ ਮਹੌਲ ਵਿੱਚ ਚੰਦ ਡਾਲਰਾਂ ਤੇ ਕੰਮ ਕਰਨਾ ਪੈ ਰਿਹਾ ਸੀ। ਉਹ ਨਾਲੇ ਕੰਮ ਕਰਦੀ ਨਾਲੇ ਮਨ ਵਿੱਚ ਸੋਚਦੀ ਉਹ ਇਨ੍ਹਾ ਕੰਮਾਂ ਲਈ ਨਹੀ ਬਣੀ ਉਸਨੇ ਤਾਂ ਕੁੱਝ ਵੱਖਰਾ ਕਰਨਾ, ਪਰ ਉਸਨੂੰ ਪਤਾ ਨਹੀ ਸੀ ਕੀ ..?

ਭਾਵੇ ਉਸ ਸਮੇ ਉਸਨੇ ਯੂ-ਟਿਊਬ ਤੇ ਆਪਣੀਆਂ ਕਵਿਤਾਵਾਂ ਵੀ ਅੱਪਲੋਡ ਕਰਨੀਆਂ ਸੁਰੂ ਕੀਤੀਆਂ ਸੀ ਪਰ ਕਦੇ ਲੋਕਾਂ ਦੇ ਸਾਹਮਣੇ ਨਹੀ ਸੀ ਆਈ, ਕਿਉਕਿ ਇਹ ਸਭ ਉਸਨੂੰ ਪਸੰਦ ਨਹੀ ਸੀ। ਜਦੋਂ ਛੇ ਕੁ ਮਹੀਨੇ ਲੰਘੇ ਤਾਂ ਉਸਦੇ ਪਤੀ ਨੇ ਟਰੱਕ ਚਲਾਉਣਾ ਸੁਰੂ ਕਰ ਲਿਆ। ਹੁਣ ਰਣਜੀਤ ਨੇ ਕੰਮ ਛੱਡ ਕੇ ਕਾਲਜ ਵਿੱਚ ਦਾਖਲਾ ਲੈ ਲਿਆ, ਕਿਉਕਿ ਪੜਾਈ ਲਿਖਾਈ ਕਰਕੇ ਉੱਚੇ ਰੁੱਤਬੇ ਹਾਸਲ ਕਰਨ ਦਾ ਮੁੱਢਲਾ ਸ਼ੌਕ ਸੀ।

ਉਸਨੇ ਇੱਕ ਸਾਲ ਲਈ ਲੀਗਲ ਆਫਿਸ ਐਡਮਨਿਸਟਰ ਦੀ ਪੜਾਈ ਸੁਰੂ ਕਰ ਦਿਤੀ ਅਤੇ ਸਫਲਤਾ ਪੂਰਵਕ ਡਿਪਲੋਮਾ ਹਾਸਿਲ ਕਰ ਪ੍ਰਮਾਤਮਾ ਦਾ ਸ਼ੁਕਰਾਨਾ ਕੀਤਾ।ਅਜੇ ਉਹ ਨੌਕਰੀ ਦੀ ਤਲਾਸ਼ ਵਿੱਚ ਹੀ ਸੀ ਜਿਸ ਲਈ ਉਸਨੂੰ ਦੋ ਮਹੀਨੇ ਬਿਨਾ ਪੈਸੇ ਤਜ਼ਰਬਾ ਹਾਸਲ ਕਰਨ ਲਈ ਵਲੰਟੀਅਰ ਕੰਮ ਕਰਨਾ ਪੈਣਾ ਸੀ। ਇਹ ਸਭ ਉਸਨੂੰ ਥੋੜਾ ਮੁਸ਼ਕਿਲ ਲੱਗਿਆ ਕਿਉਕਿ ਉਹ ਪਹਿਲਾ ਹੀ ਕਾਫੀ ਪੈਸਾ ਕੋਰਸ ਤੇ ਲਗਾ ਚੁੱਕੀ ਸੀ। ਹੁਣ ਉਸਨੂੰ ਪੈਸਿਆਂ ਦੀ ਬਹੁਤ ਲੋੜ ਸੀ ਨਾਲੇ ਉਹ ਆਪਣੇ ਪਤੀ ਤੇ ਬੋਝ ਬਣਕੇ ਨਹੀ ਸੀ ਜਿਉਣਾ ਚਹੁੰਦੀ।ਫੇਰ ਉਸਨੇ ਐਮਾਜੋਨ ਵਿੱਚ ਨੌਕਰੀ ਕਰਨੀ ਸ਼ੁਰੂ ਕਰ ਦਿੱਤੀ ਜਿੱਥੇ ਸਾਢੇ ਤਿੰਨ ਮਹੀਨੇ ਲਗਾਤਾਰ ਛੇ ਦਿਨ(ਦੱਸ ਘੰਟੇ) ਦੀ ਜੌਬ ਕਰਕੇ ਇਹ ਸਾਬਿਤ ਕਰ ਦਿੱਤਾ ਕਿ ਉਹ ਲੋੜ ਪੈਣ ਤੇ ਕਿਸੇ ਵੀ ਕੱਠਨਾਈ ਚੋਂ ਗੁਜ਼ਰ ਸਕਦੀ ਹੈ।ਹੁਣ ਉਹ ਕਵਿਤਾਵਾਂ ਲਿਖਦੀ-ਲਿਖਦੀ ਗੀਤ ਵੀ ਲਿਖਣ ਲੱਗ ਪਈ ਸੀ ਇਸ ਸਮੇ ਉਸਨੇ ਸੋਚਿਆ ਕਿ ਕੁੱਝ ਅਜਿਹਾ ਕਰਾਂ ਕਿ ਘਰੋਂ ਹੀ ਕੰਮ ਕੀਤਾ ਜਾ ਸਕੇ ਜਿਸ ਨਾਲ ਉਹ ਘਰ ਪਰਿਵਾਰ ਦੀ ਦੇਖ-ਰੇਖ ਵੀ ਕਰ ਸਕੇਗੀ ਤੇ ਪੈਸਾ ਵੀ ਕਮਾ ਸਕੇਗੀ।

ਉਸਨੇ ਦੁਬਾਰਾ ਇੱਕ ਵਾਰ ਫੇਰ ਅਡਵਾਂਸ ਮੇਕਅੱਪ ਆਰਟਿਸਟ ਦਾ ਕੋਰਸ ਕਰਨ ਲਈ ਕਾਲਜ਼ ਵਿੱਚ ਦਾਖਲਾ ਲੈ ਲਿਆ। ਇਕ ਸਾਲ ਦੇ ਅੰਦਰ ਇਹ ਵੀ ਪੂਰਾ ਕਰ ਲਿਆ ਤੇ ਪੂਰਾ ਹੁੰਦਿਆਂ ਹੀ ਉਸਨੇ ਆਪਣੇ ਘਰੋਂ ਕੰਮ ਕਰਨਾ ਸੁਰੂ ਕਰ ਦਿੱਤਾ। ਇੱਕ ਪਾਸੇ ਇਹ ਕੰਮ ਸੀ ਦੂਜੇ ਪਾਸੇ ਗੀਤਾਂ ਲਈ ਮੰਜਿਲ ਦੀ ਤਲਾਸ਼! ਪਰ ਕਿਤੋਂ ਖੈਰ ਨਾ ਪਈ, ਅਚਾਨਕ ਕੋਸ਼ਿਸ਼ ਕਰਦੀ ਕਰਦੀ ਨੇ ਜਦੋ ਕਿਸੇ ਫਿਲਮ ਨਿਰਮਾਤਾ ਕੋਲ ਆਪਣੇ ਬੋਲ ਰਿਕਾਰਡ ਕਰਕੇ ਭੇਜੇ ਤਾਂ ਉਸ ਨੇ ਉਸਦੀ ਅਸਲ ਕਲਾ ਨੂੰ ਪਛਾਣ ਲਿਆ।ਉਸਨੇ ਹੱਲਾਸੇਰੀ ਦਿੰਦਿਆਂ ਕਿਹਾ ਕਿ," ਜਦ ਏਡਾ ਵੱਧੀਆ ਤੁਸੀ ਖੁੱਦ ਗਾਉਦੇ ਹੋ ਫੇਰ ਲੋਕਾਂ ਦੇ ਤਰਲੇ ਕਿਉ ?"

ਇਹ ਸੁਣਕੇ ਉਸਨੂੰ ਚੰਗਾ ਲੱਗਾ ਤੇ ਇਸ ਰੱਬੀ ਮਿਲੇ ਗੁਣ ਨੂੰ ਪਰਦੇ ਪਿੱਛੇ ਰਹਿ ਕੇ ਉਜਾਗਰ ਕਰਨ ਦਾ ਨਿਸਚੈ ਕਰ ਲਿਆ। ਰਣਜੀਤ ਦੀ ਸਾਰੀ ਤਿਆਰੀ ਹੋ ਗਈ ਮਿਉਜਿਕ ਬਣ ਗਿਆ। ਹੁਣ ਵਾਰੀ ਸੀ ਵੀਡੀਉ ਦੀ। ਉਸਨੇ ਘਰ ਵਿੱਚ ਪਲ ਰਹੇ ਬਿਛੂਆਂ ਕੋਲ ਇਸ ਦਾ ਜ਼ਕਿਰ ਕਰ ਲਿਆ ਤਾਂ ਉਨ੍ਹਾਂ ਉਹ ਤੁਫਾਨ ਖੜੇ ਕਰ ਦਿੱਤੇ ਜਿਸਦਾ ਜਿੱਕਰ ਕਰਨਾ ਵੀ ਮੁਸ਼ਕਿਲ ਹੈ। ਉਸਨੂੰ ਇਸ ਭੁੱਲ ਲਈ ਆਪਣੇ ਕੰਨ ਵੀ ਖਿੱਚਣੇ ਪਏ ਤੇ ਅੱਗੋਂ ਚੁੱਪ ਚਾਪ ਆਪਣੀ ਚਾਲੇ ਚੱਲਣ ਦਾ ਨਿਸਚਾ ਕਰਨਾ ਪਿਆ ।

ਮਾਰਚ 2022 ਵਿੱਚ ਪੂਰਾ ਸਾਲ ਡੱਕੇ



ਡੋਲੇ ਖਾਂਦਾ ਉਸਦਾ "ਨਾਭਾਗਾ ਭਾਗਾਂ ਵਾਲਾ ਦਿਨ" ਗੀਤ ਰਿਲੀਜ ਹੋ ਗਿਆ। ਸਾਰਿਆ ਵੱਲੋ ਭਰਭੂਰ ਹੁੰਗਾਰਾ ਮਿ-ਲਿਆ।

ਰਣਜੀਤ ਨੇ ਫੇਰ ਪਿੱਛੇ ਮੁੜਕੇ ਨਹੀ ਦੇਖਿਆ। ਉਸਨੇ ਜਿੱਥੇ ਇੱਕ ਪਾਸੇ ਸਾਹਿਤ ਸਭਾਵਾਂ ਵਿੱਚ ਜਾਕੇ ਵੱਖਰੇ ਅੰਦਾਜ ਵਿੱਚ ਕਵਿਤਾਵਾਂ ਪੇਸ਼ ਕੀਤੀਆਂ।ਉੱਥੇ ਦੂਜੇ ਪਾਸੇ ਗੁੱਪਤ ਤਰੀਕੇ ਨਾਲ ਗੀਤਾਂ ਤੇ ਕੰਮ ਕਰਨਾ ਸੁਰੂ ਕਰ ਦਿੱਤਾ।

ਫੇਰ ਇੱਕ ਪਿੱਛੋਂ ਇੱਕ ਤਕਰੀਬਨ ਵੀਹ ਗੀਤ ਉਸਨੇ ਲੋਕਾਂ ਦੀ ਝੋਲੀ ਪਾਏ। ਉਸਦੀਆਂ ਦੋ ਕਿਤਾਬਾ 2020 ਵਿੱਚ "ਛੰਭ ਦੀ ਜਾਈ" ਤੇ 2023 ਵਿੱਚ "ਖੁੱਲ੍ਹਾ ਆਸਮਾਨ" ਰਿਲੀਜ ਹੋ ਗਈਆਂ। ਹੁਣ ਰਣਜੀਤ ਕੌਰ ਟਰੰਟੋ ਨੇ ਮੁਕੰਮਲ ਤੌਰ ਤੇ ਸਾਹਿਤ ਜਗਤ ਵਿੱਚ ਚੰਗੀ ਪਹਿਚਾਣ ਬਣਾਉਣ ਦੇ ਨਾਲ ਨਾਲ ਵਿਲੱਖਣ ਗੀਤਾਂ ਦੀ ਰਚਾਇਤਾ ਤੇ ਗਾਇਕਾ ਹੋਣ ਦਾ ਰੁਤਵਾ ਹਾਸਿਲ ਕਰ ਲਿਆ, ਪਰ ਉਸਦੀ ਇਹ ਚੜ੍ਹਾਈ ਆਸ ਪਾਸ ਦੇ ਲੋਕਾਂ ਤੇ ਰਿਸ਼ਤੇਦਾਰਾ ਤੋਂ ਬਰਦਾਸ਼ਤ ਨਹੀ ਹੋ ਰਹੀ ਸੀ। ਉਹ ਉਸ ਨੂੰ ਹਲਾ ਸ਼ੇਰੀ ਦੇਣ ਦੀ ਥਾਂ ਤਰ੍ਹਾਂ-ਤਰ੍ਹਾਂ ਦੀਆਂ ਕੋਝੀਆਂ ਚਾਲਾ ਨਾਲ ਉਸ ਨੂੰ ਰੋਕਣ ਦੇ ਨਾਪਾਕ ਜਤਨ ਕਰ ਰਹੇ ਹਨ। ਜਿਸ ਦਾ ਜਿੱਕਰ ਉਹ ਅਸਿੱਧੇ ਤੌਰ ਤੇ ਆਪਣੀਆਂ ਕਵਿਤਾਵਾਂ ਵਿੱਚ ਹਮੇਸ਼ਾ ਕਰਦੀ ਦੇਖੀ ਜਾਦੀ ਹੈ ਹਾਲ ਹੀ ਵਿੱਚ ਰੀਲੀਜ ਹੋਏ ਗੀਤ,"ਦਿਲ ਵੇ ਪੰਜਾਬ ਵਾਲਾ" ਵਿੱਚ ਉਸਨੇ ਆਪਣੇ ਦੁਸ਼ਮਣਾਂ ਤੇ ਸਿੱਧੂ ਮੂਸੇਵਾਲੇ ਵਾਂਗ ਅੱਧਾ ਜੱਗ ਵੈਰੀ ਕਹਿ ਕੇ ਵਿਅੰਗ ਕੱਸਿਆ ਹੈ।

ਕੈਨੇਡਾ ਰਹਿ ਕੇ ਉਸਨੇ ਪੜਾਈ ਲਿਖਾਈ ਤੇ ਨਿੱਜੀ ਕੰਮਾਂ ਕਾਰਾਂ ਦੇ ਨਾਲ ਨਾਲ ਪੰਜਾਬ- ਪੰਜਾਬੀਅਤ ਅਤੇ ਵਿਰਸੇ ਵਿਰਾਸਤ ਦੀ ਸੰਭਾਲ ਬੜੀ ਸ਼ਿੱਦਤ ਨਾਲ ਕਰਨ ਨੂੰ ਆਪਣਾ ਜਨੂੰਨ ਬਣਾਇਆ ਹੈ।ਰਣਜੀਤ ਕੌਰ ਇਸ ਦਾ ਸਿਹਰਾ ਉਸ ਅਕਾਲ-ਪੁਰਖ ਨੂੰ ਦਿੰਦੀ ਹੈ,ਉਸਦਾ ਮੰਨਣਾ ਹੈ ਕਿ ਪਿਛਲੇ ਕੁਝ ਕੁ ਸਾਲਾਂ ਵਿੱਚ ਅਚਨਚੇਤ ਕੁਦਰਤ ਉਸ ਨੂੰ ਸਾਹਿਤਿਕ ਗਤੀਵਿਧੀਆਂ ਵਿੱਚ ਉਤਾਰ ਕੇ ਵਿਲੱਖਣ ਛਾਪ ਛੱਡਣ ਲਈ ਮਜਬੂਰ ਕਰਦੀ ਆ ਰਹੀ ਹੈ।ਜਦੋ ਕਿ ਗਾਇਕੀ ਨਾਲ ਉਹ ਸਕੂਲ ਕਾਲਜ ਟਾਇਮ ਤੋਂ ਹੀ ਜੁੜੀ ਹੋਈ ਸੀ ਸਬਦ ਗਾਇਨ ਕਰਨਾ, ਗਿੱਧਾ ਪਾਉਣਾ ਤੇ ਗਾਉਣਾ ਉਸਦੇ ਜੀਵਨ ਦਾ ਹਿੱਸਾ ਸਨ।

ਰਣਜੀਤ ਕੋਲ ਇਹ ਕੁਦਰਤੀ ਗੁਣ ਬਚਪਨ ਤੋਂ ਹੀ ਮੌਜੂਦ ਸੀ ਪਰ ਉਹ ਇਸ ਸਮਾਜ ਦੀ ਮਾੜੀ ਸੋਚ ਕਾਰਨ ਇਸ ਨੂੰ ਉਜਾਗਰ ਨਹੀ ਸੀ ਕਰਨਾ ਚਹੁੰਦੀ।ਲੇਕਿਨ ਜਦੋ ਉਸ ਨੂੰ ਧੀਆਂ ਪੁੱਤਾਂ ਵਾਂਗ ਪਿਆਰੇ ਉਸਦੇ ਗੀਤ ਦਮ ਤੋੜਦੇ ਨਜ਼ਰ ਆਏ ਤਾਂ ਉਸ ਨੇ ਆਪਣੇ ਪਰਿਵਾਰ ਦੇ ਸਾਥ ਬਗੈਰ ਹੀ ਕਿਸੇ ਗੱਲ ਦੀ ਪ੍ਰਵਾਹ ਤੇ ਫਿਕਰ ਕਰੇ ਬਿਨ੍ਹਾਂ ਆਪਣੇ ਗੀਤਾਂ ਨੂੰ ਅਵਾਜ਼ ਦੇਣ ਅਤੇ ਅਸਲ ਮੰਜਿਲ ਤੱਕ ਪਹੁਚਾਉਣ ਦਾ ਫੈਸਲਾ ਕਰ ਲਿਆ। ਬੇਸ਼ੱਕ ਉਸ ਨੂੰ ਘਰ ਦੇ ਕੁੱਝ ਕੁ ਜੀਆਂ ਦਾ ਹੀ ਸਾਥ ਮਿਲਿਆ ਪਰ ਫੇਰ ਵੀ ਉਸਨੇ ਬਗੈਰ ਕਿਸੇ ਦੀ ਪਰਵਾਹ ਕੀਤੇ ਅੱਗੇ ਵੱਧਣ ਦ ਮਨ ਬਣਾਇਆ।ਜਿਸ ਦੇ ਸਿੱਟੇ ਵਜੋ ਅੱਜ ਉਸਦੇ 20 ਗੀਤ ਸ਼ੋਸ਼ਲ

ਮੀਡੀਏ ਦੇ ਹਰੇਕ ਪਲੈਟਫੋਰਮ ਤੇ ਗੂੰਜ ਰਹੇ ਹਨ,ਜਿਨ੍ਹਾ ਵਿੱਚੋਂ ਧੁੰਮਾਂ ਜੱਟੀ ਨੇ,ਰੂਹ,ਸੋਚ ਕੇ ਜਵਾਬ ਦਈਂ,ਪੂਰਾ ਨਾਮ, ਤਾਰੇ ਸਿਤਾਰੇ, ਮਰਦ ਅਗੰਮੜਾਂ,ਤੇ ਦਿਲ ਵੇ ਪੰਜਾਬ ਵਾਲਾ ਮੁੱਖ ਹਨ ਜੋ ਲੋਕਾਂ ਵੱਲੋਂ ਬੇਹੱਦ ਸਲਾਹੇ ਗਏ ਹਨ।

ਰਣਜੀਤ ਕੌਰ ਦੀਆਂ ਦੋ ਕਿਤਾਬਾਂ "ਖੁੱਲ੍ਹਾ ਆਸਮਾਨ" ਤੇ "ਛੰਭ ਦੀ ਜਾਈ" ਵੀ ਸਫਲਤਾ ਦੀ ਕੜੀ ਵਿੱਚ ਸ਼ਾਮਿਲ ਹਨ। ਰਣਜੀਤ ਕੌਰ ਦੱਸਦੀ ਹੈ ਕਿ ਉਹ ਪ੍ਰਸਤਿਥੀਆਂ ਮੁਤਾਬਕ ਮਨ ਵਿੱਚ ਉੱਠੇ ਵਲਵਲਿਆਂ ਨੂੰ ਆਪਣੇ ਗੀਤ ਗਜਲਾਂ ਕਵਿਤਾਵਾਂ ਦਾ ਰੂਪ ਦੇ ਦਿੰਦੀ ਹੈ ਕਿਉਕਿ ਲਕੀਰ ਦਾ ਫਕੀਰ ਹੋਣਾ, ਦੂਜਿਆਂ ਦੀ ਕਵਿਤਾ ਜਾਂ ਗੀਤ ਨੂੰ ਤ੍ਰੋੜ ਮਰੋੜ ਕੇ ਨਵਾਂ ਰੂਪ ਦੇਣਾ, ਉਸ ਨੂੰ ਗਵਾਰਾ ਨਹੀ।ਉਸਦਾ ਇਸ਼ਟ ਹੈ ਆਪਣੇ ਕੰਮ ਨੂੰ ਮਨੋ ਸਮਰਪਿਤ ਰਹਿਣਾ, ਸੱਚ ਬੋਲਣਾ, ਲਿਖਣਾ, ਬਾਣੀ ਪੜ੍ਹਨਾ ਤੇ ਸੁਣਨਾ ਉਸ ਦੀ ਜਿੰਦਗੀ ਦੀ ਮੁੱਖ ਸਾਧਨਾ ਤੇ ਸਫਲਤਾ ਦਾ ਕਾਰਨ ਹਨ। ਰਣਜੀਤ ਕੌਰ ਦਸਦੀ ਹੈ ਕਿ ਕੈਨੇਡਾ ਵਿਚ ਉਸ ਨੂੰ ਗਾਇਕ ਹੋਣ ਕਰਕੇ ਬਹੁਤ ਲੋਕਾਂ ਨੇ ਰਾਇ ਦਿੱਤੀ ਕਿ ਨਾਮ ਨਾਲੋ "ਕੌਰ" ਹਟਾ ਦੇਵੇ ਕਿਉਕਿ ਇਸ ਲਾਇਨ ਵਿੱਚ ਛੋਟੇ ਨਾ ਜਲਦੀ ਮਕਬੂਲੀਅਤ ਹਾਸਿਲ ਕਰਦੇ ਹਨ ਪਰ ਰਣਜੀਤ ਨੂੰ ਇਹ ਗਵਾਰਾ ਨਾ ਹੋਇਆ ਤੇ ਉਸਨੇ ਇਸ ਗੱਲ ਤੇ ਆਪਣਾ ਗੀਤ ਪੂਰਾ ਨਾਮ ਲਿਖ ਕੇ ਗਾ ਦਿੱਤਾ ਤੇ ਕੌਰ ਅਤੇ ਸਿੰਘ ਦੀ ਮਹੱਤਤਾ ਲੋਕਾਂ ਨੂੰ ਭਲੀ ਭਾਂਤ ਸਮਝਾਈਕਿ ਸਿੰਘ ਤੇ ਕੌਰ ਸਾਨੂੰ ਦਸਮੇਸ਼ ਜੀ ਨੇ ਦਿੱਤਾ ਏ ਅੱਜ ਵੱਖਰੀ ਪਹਿਚਾਣ ਸਾਡੀ ਇਸੇ ਦਾ ਹੀ ਸਿੱਟਾ ਏ , "ਭੁੱਲਣੀ ਨੀ ਦਾਤੇ ਤੋਂ

ਜੋ ਦਾਤ ਮਿਲੀ ਸੋਹਣਿਆ, ਹੋਈਏ ਹਰ ਵੇਲੇ ਸ਼ੁਕਰ ਗੁਜ਼ਾਰ ਚੰਨ ਵੇ,

ਕੌਰ ਨੀ ਉਤਾਰਨਾ ਮੈਂ, ਨਾਮ ਨੀ ਵਿਗਾੜਨਾ ਸਾਨੂੰ ਪੂਰੇ ਨਾਮ ਨਾਲ ਵਾਜ ਮਾਰ ਚੰਨ ਵੇ।"

ਰਣਜੀਤ ਦਾ ਇੱਕ ਹੋਰ ਗੀਤ ਧੀਆਂ ਨੂੰ ਕੁਰਾਹੇ ਪੈਣ ਤੋਂ ਰੋਕਦਾ,ਲਿਖਦੀ ਹੈ,

"ਕਰ ਪੂਰੀਆਂ ਚੜ੍ਹਾਈਆਂ ਮਾਣ ਮੱਤੀਏ, ਧੀਏ ਇੱਕ ਗੱਲ ਮਨ ਚ ਉਤਾਰ ਲਈ,

ਪੱਗ ਬਾਬੁਲ ਦੀ ਪੈਰਾਂ ਥੱਲੇ ਰੋਲ ਕੇ, ਰਾਹੀ ਆਪਣੇ ਤੂੰ ਕੰਡੇ ਨਾ ਖਿਲਾਰ ਲਈ।"

ਪੰਜਾਬੀ ਸਭਿਅਚਾਰ ਨੂੰ ਸਮਰਪਿਤ ਇੱਕ ਹੋਰ ਗੀਤ "ਦਿਲ ਵੇ ਪੰਜਾਬ ਵਾਲਾ" ਦੇ ਬੋਲ ਹਨ:

"ਚੁੱਲ੍ਹਾ ਚੌਕਾ ਸ਼ਾਂਭਦੀ, ਮੈ ਡਿੱਠੀ ਨਾ ਕੋਈ ਸਵਾਣੀ, ਨਾ ਇੱਥੇ ਤੜਕੇ ਸਪੀਕਰਾਂ ਚ ਗੂੰਝੇ ਗੁਰਬਾਣੀ।

ਨਾ ਤੇ ਡਾਉਣ ਨਾ ਤਰਿੰਜਣਾਂ ਚ ਚਰਖੇ, ਰੁਮਾਲ ਉੱਤੇ ਬੂਟੀਆਂ ਕੋਈ ਕੱਢੇ ਨਾ ਤੇਰੇ ਵੇ,

ਕੈਨੇਡਾ ਵਿੱਚ ਸੋਹਣਿਆਂ ਮੇਰਾ ਦਿਲ ਵੇ ਪੰਜਾਬ ਵਾਲਾ ਲੱਗੇ ਨਾ।"

ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਦੀ ਮਹਿਮਾਂ ਦਾ ਗਾਇਨ 'ਮਰਦ ਅਗੰਮੜਾ' ਵਿਚ ਕਰਦੀ ਹੈ:

"ਨੀ ਉਹ ਮਰਦ ਅਗੰਮੜਾ, ਚਾਰ ਪੁੱਤਰਾਂ ਦਾ ਦਾਨੀ,

ਸੀਸ ਭੇਂਟ ਕੀਤਾ ਪਿਤਾ ਦਾ, ਨਈ ਕੋਈ ਉਸਦੇ ਜਿਹਾ ਸਾਨੀ,

ਸਿੱਖ ਕੌਮ ਤਾਂਈ ਚਾਰ ਚੰਨ ਲਾ ਤੇ ਬਾਜਾ ਵਾਲੇ ਨੇ,

ਸਾਰੇ ਗਿੱਦੜਾਂ ਤੋਂ ਸ਼ੇਰ ਸੀ ਬਣਾ ਤੇ ਬਾਜਾ ਵਾਲੇ ਨੇ,

ਨੀ ਉਹ ਮਰਦ ਅਗੰਮੜਾ।"

ਰਣਜੀਤ ਦਾ ਵਿਦੇਸ਼ਾਂ ਵਿੱਚ ਗਏ ਪੁੱਤਰਾਂ ਨੂੰ ਪਿਛੋਕੜ ਨਾਲ ਜੁੜੇ ਰਹਿਣ ਦੀ

ਮੱਤ ਦਿੰਦਾ ਗੀਤ ਜੋ ਅਜੇ ਰਿਲੀਜ ਹੋਣ ਵਾਲਾ ਹੈ:

"ਕਰੀ ਦਿਨ ਰਾਤ ਇੱਕ ਕਰ ਮਿਹਨਤਾਂ,

ਪੈ ਮਾੜੀ ਸੰਗਤੇ ਤੂੰ ਅਕਸ ਵਿਗਾੜੀ ਨਾ ਵੇ ਪੁੱਤ ਕਰ ਲਾ ਤਰੱਕੀ ਜਾ ਵਿਦੇਸ਼ ਵਿੱਚ,

ਸੁੰਹ ਏ ਮੇਰੀ ਤੈਨੂੰ ਪਿੱਛੇ ਨੂੰ ਵਿਸਾਰੀ ਨਾ।"

ਵਿਦੇਸ਼ ਵਿਚ ਪੁੱਜਕੇ ਵੀ ਪੰਜਾਬੀ ਪਹਿਰਾਵੇ ਵਿਚ ਜਿਵੇ ਧੁੰਮਾਂ ਜੱਟੀ ਨੇ ਪਾਈਆਂ:

"ਪਹਿਲਾ ਹਉ ਨਿਸ਼ਾਨਾ ਸਾਡਾ ਹੁੰਦੇ ਨੰਗੇਜ ਤੇ,

ਫਿਰ ਦੱਸਾਂਗੇ ਪਰਫੋਰਮ ਕਿੱਦਾਂ ਕਰੀ ਦਾ ਸਟੇਜ਼ ਤੇ,

ਜੋ ਕਲਾ ਅੰਦਰ ਦਬਾ ਕੇ ਘਰੀਂ ਬੈਠੀਆਂ,

ਉਹ ਧੀਆਂ ਭੈਣਾਂ ਬਾਹਰ ਲੈ ਕੇ ਆਉਣੀਆਂ,

ਖਾਲੀ ਕਰਕੇ ਮੈਦਾਨ ਪਿੱਛੇ ਹੱਟ ਜਾਓ,

ਧੁੰਮਾਂ ਜੱਟੀ ਨੇ ਸਮਾਜ ਵਿੱਚ ਪਾਉਣੀਆਂ ...।"

ਉਹ ਸੋਬਰ ਤਰੀਕੇ ਨਾਲ ਹੁੰਨਰ ਨੂੰ ਉਜਾਗਰ ਕਰਕੇ ਵੱਖਰੀ ਪਿਰਤ ਪਾ ਕੇ ਦਿਖਾਉਣਾ ਲੋਚਦੀ ਹੈ ਤੇ ਕਹਿੰਦੀ ਹੈ ਸੋਚ ਕੇ ਜਵਾਬ ਦਈਂ",

"ਨਾਮ ਰਣਜੀਤ ਜੋ ਟਰੰਟੋਂ ਵਿੱਚ ਰਹਿੰਦੀ ਏ,

ਉਹਨੇ ਲਿਖੀਆਂ ਕਿਤਾਬਾਂ ਨਾਲੇ ਗਾ ਵੀ ਖੁੱਦ ਲੈਂਦੀ ਏ,

ਨਾਂਮ ਉਹਦਾ ਮੇਰੇ ਬੁੱਲ੍ਹਾਂ ਉੱਤੇ ਰਹੇ ਨੱਚਦਾ,

ਵੇ ਜ਼ਰਾ ਸੋਚ ਕੇ ਜਵਾਬ ਦੇਈ,

ਉਹ ਵੀ ਰੋਗ ਚੰਨਾ ਮਾੜਿਆਂ ਦੇ ਹੈਨੀ ਵੱਸ ਦਾ,

ਵੇ ਜਰਾ ਸੋਚ ਕੇ ਜਵਾਬ ਦਈਂ।"

ਸ਼ਾਲਾ ਬਹੁਗੁਣੀ ਇਸ ਰੱਬੀ ਰੂਹ ਨੂੰ ਪਰਮਾਤਮਾ ਦਿਨ ਦੁਗਣੀ ਰਾਤ ਚਉਗਣੀ ਤਰੱਕੀ ਦੇਵੇ !

## ਕੁੱਕੜ ਅਤੇ ਲੂੰਬੜ : ਈਸਪ ਦੀ ਕਹਾਣੀ

ਇੱਕ ਉੱਚੇ ਦਰਖ਼ਤ ਦੀ ਟਹਿਣੀ ਤੇ ਇੱਕ ਕੁੱਕੜ ਬੈਠਾ ਸੀ। ਉਸ ਨੇ ਉੱਚੀ ਆਵਾਜ਼ ਵਿੱਚ ਬਾਂਗ ਦਿੱਤੀ। ਉਸ ਦੀ ਜ਼ਬਰਦਸਤ ਪੁਕਾਰ ਪੂਰੇ ਜੰਗਲ ਵਿੱਚ ਗੂੰਜ ਗਈ ਅਤੇ ਇੱਕ ਭੁੱਖੇ ਲੂੰਬੜ ਦਾ ਧਿਆਨ ਖਿੱਚਿਆ ਜੋ ਸ਼ਿਕਾਰ ਲੱਭਣ ਲਈ ਘੁੰਮਦਾ ਫਿਰਦਾ ਸੀ। ਲੂੰਬੜ ਨੇ ਵੇਖਿਆ ਕਿ ਪੰਛੀ ਬੜਾ ਉੱਚਾ ਹੈ ਅਤੇ ਕੁੱਕੜ ਨੂੰ ਉਸ ਦੇ ਭੋਜਨ ਲਈ ਹੇਠਾਂ ਉਤਾਰਨ ਲਈ ਉਸ ਨੂੰ ਇੱਕ ਚਾਲ ਸੁਝੀ।

“ਮੁਆਫ ਕਰਨਾ, ਮੇਰੇ ਪਿਆਰੇ ਮਾਣ ਮੱਤੇ ਕੁੱਕੜ,” ਉਸਨੇ ਹੌਲੀ ਜਿਹੇ ਬੋਲਿਆ, “ਕੀ ਤੂੰ ਵਿਸ਼ਵਵਿਆਪੀ ਸੰਧੀ ਅਤੇ ਸ਼ਾਂਤੀ ਦੀ ਘੋਸ਼ਣਾ ਬਾਰੇ ਨਹੀਂ ਸੁਣਿਆ ਜੋ ਹੁਣ ਸਾਡੇ ਜੰਗਲ ਦੇ ਸਾਰੇ ਜਾਨਵਰਾਂ ਅਤੇ ਪੰਛੀਆਂ ਅਤੇ ਸਭ ਜੀਵਾਂ ਦੇ ਸਾਹਮਣੇ ਰੱਖੀ ਗਈ ਹੈ। ਹੁਣ ਅਸੀਂ ਇਕ ਦੂਸਰੇ ਦਾ ਸ਼ਕਿ-ਾਰ ਜਾਂ ਨੁਕਸਾਨ ਨਹੀਂ ਕਰਨਾ, ਸਗੋਂ ਸ਼ਾਂਤੀ, ਸਦਭਾਵਨਾ ਅਤੇ ਪਿਆਰ ਨਾਲ ਇਕੱਠੇ ਰਹਿਣਾ ਹੈ। ਪਿਆਰੇ ਕੁੱਕੜ, ਥੱਲੇ ਆ ਜਾ, ਅਤੇ ਆਪਾਂ ਇਸ ਮਹੱਤਵਪੂਰਣ ਮਾਮਲੇ ਬਾਰੇ ਨਿਠ ਕੇ ਵਿਚਾਰਾਂ ਕਰੀਏ।"

ਕੁੱਕੜ ਜਾਣਦਾ ਸੀ ਕਿ ਲੂੰਬੜੀ ਸਿਰੇ ਦੀ ਚਲਾਕ ਹੁੰਦੀ ਹੈ। ਉਹ ਕੁਝ ਨਹੀਂ ਬੋਲਿਆ ਅਤੇ ਪਰ੍ਹਾਂ ਦੂਰ ਵੇਖਣ ਲੱਗ ਪਿਆ, ਜਿਵੇਂ ਉਹ ਕੁਝ ਖ਼ਾਸ ਵੇਖ ਰਿਹਾ ਹੋਵੇ।

"ਤੂੰ ਇੰਨੇ ਧਿਆਨ ਨਾਲ ਕੀ ਵੇਖ ਰਿਹਾ ਹੈਂ?" ਲੂੰਬੜੀ ਨੂੰ ਪੁੱਛਿਆ।

ਕੁੱਕੜ ਨੇ ਕਿਹਾ, "ਮੈਨੂੰ ਜੰਗਲੀ ਕੁੱਤਿਆਂ ਦਾ ਇੱਕ ਝੁੰਡ ਨਜਰ ਆ ਰਿਹਾ ਹੈ। ਮੈਨੂੰ ਲੱਗਦਾ ਹੈ ਕਿ ਉਹ ਸਾਡੇ ਵੱਲ ਹੀ ਆ ਰਹੇ ਹਨ, ਸ਼੍ਰੀਮਾਨ ਲੂੰਬੜ ਜੀ।"

"ਓਹ, ਮੈਨੂੰ ਇੱਕ ਜ਼ਰੂਰੀ ਕੰਮ ਯਾਦ ਆ ਗਿਆ। ਮੈਨੂੰ ਹੁਣ ਚੱਲਣਾ ਚਾਹੀਦਾ ਹੈ," ਲੂੰਬੜ ਨੇ ਕਿਹਾ।

"ਕਿਰਪਾ ਕਰਕੇ ਅਜੇ ਨਾ ਜਾਓ, ਸ਼੍ਰੀਮਾਨ ਲੂੰਬੜ ਜੀ," ਕੁੱਕੜ ਨੇ ਕਿਹਾ। "ਮੈਂ ਬੱਸ ਜਲਦੀ ਥੱਲੇ ਉੱਤਰ ਰਿਹਾ ਹਾਂ। ਆਪਾਂ ਕੁੱਤਿਆਂ ਦੀ ਉਡੀਕ ਕਰਾਂਗੇ ਅਤੇ ਸਭਨਾਂ ਦੇ ਨਾਲ ਸ਼ਾਂਤੀ ਦੇ ਇਸ ਨਵੇਂ ਜੁੱਗ ਬਾਰੇ ਵਿਚਾਰਾਂ ਕਰਾਂਗੇ।”

"ਨਹੀਂ, ਨਹੀਂ," ਲੂੰਬੜ ਨੇ ਕਿਹਾ, "ਮੈਨੂੰ ਜ਼ਰੂਰ ਚਲੇ ਜਾਣਾ ਚਾਹੀਦਾ ਹੈ। ਕੁੱਤਿਆਂ ਨੇ ਅਜੇ ਸ਼ਾਂਤੀ ਦੀ ਇਸ ਸੰਧੀ ਬਾਰੇ ਨਹੀਂ ਸੁਣਿਆ ਹੋਣਾ।"




PURBA APPRAISALS INC.
WE PROVIDE RESIDENTIAL REAL ESTATE APPRAISAL SERVICES FOR:
•Mortgage Financing
•Tax/Capital Gain
•Divorce/Separation of Assets
•Litigation Support
•Pre-listing Appraisals
Gurpreet Purba
Broker, CRA
416-669-1423
www.purbahomes.com


The Mortgage Centre
We work for you, not the lenders.
Second Mortgage
Debt Consolidation
Renovations & Repairs
Avoiding High penalities
No Credit or becon score check.
No income verification.
Interest payments only.
Pay off high interest debts.
75%-80% LTV.
Must have home equity.....
if you are looking for independent mortgage or protection advice....
We're here to help.
* Competitive rates
* Flexible terms
* Fast approval process
For more information call:
Jaspal Gahunia (Lic. M08006400)
Direct: 416-677-0047
Office: 416-674-7050
Email: paulpaul202@yahoo.ca
Office - Unit 201-19 Woodbine Downs Blvd, Etobicoke, ON M9W 6N5
-4040 Steeles Avenue West Unit#5 Woodbridge, ON, L4L 4Y5
Rexdale Financial Services


Urgently Need New Listings in Brampton/Caledon
visit: www.teamjagaujla.com
Call JAG AUJLA
MCNE, REAL ESTATE BROKER
DIR: 416-371-7777
j.aujla@rogers.com
www.jagaujla.com
CALL JAG FOR A QUICK & FREE HOME EVALUATION
www BramptonTopRealtor.com
www BramptonTopAgent.com
URGENTLY NEED NEW LISTINGS IN THIS AREA
RECENTLY LISTED/SOLD IN YOUR NEIGHBOURHOOD BY JAG AUJLA
LISTED IN *BRAMPTON*
TORBRAM/ FATHER TOBIN/MOUNTAINASH
1500-2000 sq.ft.
Front Brick and Stone
3+1 ਬੈਡਰੂਮ + 3 ਵਾਸ਼ਰੂਮ, ਫਰੀਹੋਲਡ ਟਾਊਨ ਹਾਊਸ, ਓਕ ਸਟੇਅਰਕੇਸ, ਹਾਰਡਵੁੱਡ ਅਤੇ ਸੀਰਾਮਿਕ ਫਲੋਰ, ਸਾਂਨਦਾਰ ਕਿਚਨ ਮਾਸਟਰ ਬੈਡਰੂਮ ਵਿਚ 5 ਪੀਸ ਇਨਸੂਇਟ ਅਤੇ ਵਾਕ ਇਨ ਕਲੋਜਿਟ, ਨਿਊਂ ਅਪਲਾਂਇਸਿਸ
LISTED IN *BRAMPTON*
BRAMALEA/ SANDALWOOD/DEWSIDE
2000-2500 sq.ft. ਟਾਊਨ ਹਾਊਸ
4+1 ਬੈਡਰੂਮ + 3 ਵਾਸ਼ਰੂਮ
ਫਰੀਹੋਲਡ ਟਾਊਨ ਹਾਊਸ
Partially ਫਿਨੀਸ਼ਡ ਬੇਸਮੇਂਟ ਵਿੱਚ ਵਾਇਨਲ ਫਲੋਰ।
Master ਬੈਡਰੂਮ ਵਿੱਚ 5 ਪੀਸ ਇਨਸੂਇਟ ਅਤੇ His & Her ਕਲੋਜਿਟ, Laundary ਮੇਨ ਫਲੋਰ ਤੇ। ਅੱਪਗਰੇਡਿੱਡ Lights.
ਸਹੂਲਤਾਂ ਦੇ ਬਹੁਤ ਨੇੜੇ।
LISTED IN *MISSISSAUGA*
BURNHAMTHORPE/CONFEDERATION
900-999 sq.ft. ਲੇਕ ਵਿਊ
2 ਬੈਡਰੂਮ + 1 ਵਾਸ਼ਰੂਮ
ਵੱਡੀਆਂ ਕੀਚਨ ਕੈਬਨਿਟ, ਨਵਾਂ ਪੈਂਟ, ਨਵੇਂ ਲੈਮੀਨੇਟ ਫਲੋਰ, ਬਹੁਤ ਖੁਲੀ ਬਾਲਕੋਨੀ, 2 ਪਾਰਕਿੰਗ (ਲਿਫਟ ਦੇ ਬਿਲਕੁੱਲ ਨੇੜੇ), ਸਾਰੀਆਂ ਸਹੂਲਤਾਂ ਦੇ ਕੋਲ- Square One + Celebration Square, Grand Park Plaza, Sheridan College Campus.
LISTED IN *CAMBRIDGE*
SPEEDSVILLE RD/ EQUESTRAIN WAY/MAPLE GROVE
1500-2000 sq.ft. ਟਾਊਨ ਹਾਊਸ
4 ਬੈਡਰੂਮ + 3 ਵਾਸ਼ਰੂਮ
ਫਰੀਹੋਲਡ ਟਾਊਨ ਹਾਊਸ
Upgraded ਕੀਚਨ,
Stainless Steel Appliacnes
ਬੈਡਰੂਮ ਵਿੱਚ 4 ਪੀਸ ਇਨਸੂਇਟ ਅਤੇ Walk-in ਕਲੋਜਿਟ, Laundary ਮੇਨ ਫਲੋਰ ਤੇ। ਅੱਪਗਰੇਡਿੱਡ Lights.
ਸਹੂਲਤਾਂ ਦੇ ਬਹੁਤ ਨੇੜੇ।
FREE
✓ Full MLS Services
✓ Consistently Marketing Your Property Until SOLD
✓ Competitive Rates, Exceptional Service & Award Winning Results
✓ Staging Consultation
✓ Billboard, Flyer, Newspaper
✓ Online Promotion
✓ Professional Pictures and Virtual Tour
✓ Social media & Radio Advertisement
✓ Open House Until Sold
RE/MAX Realty Specialists Inc. Brokerage
Off: 905-456-3232
Call JAG AUJLA DIR: 416-371-7777
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT
SEPTEMBER 2022